# ਕੈਨੇਡਾ ਦਰਪਣ

ਸਤੰਬਰ 12, 1986

**September 12, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

Weekending September 12, 1986 Vol. 5 No. 35 — Price 35¢ Out of Greater Vancouver 50¢ — Ph. (604)581-4473

**ਅੰਦਰ ਪੜ੍ਹੋ :—**


- ਹੁਣ ਚੰਡੀਗੜ੍ਹ ਪੰਜਾਬ ਨੂੰ ਕਦੋਂ ਮਿਲੇਗਾ? —ਪ੍ਰੋ: ਮਨਜੀਤ ਸਿੰਘ—
- ਅਤਿਵਾਦੀ ਕੌਣ? —ਸੁਰਜੀਤ ਸਿੰਘ ਗਿੱਲ—
- ਗੁਰਦੁਆਰਾ ਨਾਨਕਸਰ ਦਾ ਉਦਘਾਟਨ ਤੇ ਰਾਜਨੀਤੀ — ਸੂਫੀ
- ਕੈਨੇਡਾ ਦੀ ਪ੍ਰੈਸ ਨਸਲਵਾਦ ਦੇ ਰਾਹ —ਯੁਵਰਾਜ ਰਤਨ—
- ਸਪੇਨ ਦੀ ਘਰੇਲੂ ਯੁੱਧ ਅਤੇ ਬੁੱਧੀਜੀਵੀ —ਰਘੁਬੀਰ ਢੰਡ—
- ਅੰਮ੍ਰਿਤਸਰ ਸਿਫਤੀ ਦਾ ਘਰ
- ਗੁੱਟ-ਨਿਰਲੇਪ ਦੇਸ਼ਾਂ ਦੀ ਤਾਕਤ


# ਜਲੰਧਰ ਵਿਚ ਸਪੈਸ਼ਲ ਜੱਜ ਕਤਲ

## ਅਗਸਤ ਮਹੀਨੇ ਸੋਲਾਂ ਹਲਾਕ

ਜਲੰਧਰ — ਪਹਿਲੀ ਸਤੰਬਰ ਨੂੰ ਭਰੇ ਬਾਜ਼ਾਰ ਵਿਚ ਇਥੇ ਸਪੈਸ਼ਲ ਕੋਰਟ ਦੇ ਜੱਜ ਆਰ. ਪੀ. ਗੈਂਡ ਦਾ ਕਤਲ ਕਰ ਦਿਤਾ ਗਿਆ। ਕਾਤਲਾਂ ਕੋਲ ਆਟੋਮੈਟਿਕ ਹਥਿਆਰ ਸਨ। ਸ੍ਰੀ ਗੈਂਡ ਦੇ ਗੋਲੀਆਂ ਉਸ ਸਮੇਂ ਮਾਰੀਆਂ ਗਈਆਂ ਜਦ ਉਹ ਇਕ ਸਟੋਰ ਵਿਚ ਟੈਲੀਫੋਨ ਕਰਨ ਲਈ ਵੜ ਰਹੇ ਸਨ।

ਆਰ. ਪੀ. ਗੈਂਡ ਅਤਿਵਾਦੀਆਂ ਦੇ ਕੇਸਾਂ ਦੀ ਸੁਣਵਾਈ ਲਈ ਸਥਾਪਤ ਕੀਤੀ ਗਈ ਸਪੈਸ਼ਲ ਕੋਰਟ ਦੇ ਜੱਜ ਸਨ ਅਤੇ ਉਹ ਕਾਫੀ ਦੇਰ ਤੋਂ ਅਤਿਵਾਦੀਆਂ ਦੀ ਹਿੱਟ ਲਿਸਟ ਉਤੇ ਦੱਸੇ ਗਏ ਹਨ। ਗੋਲੀਆਂ ਮਾਰਨ ਪਿਛੋਂ ਮੋਟਰ ਸਾਈਕਲ ਤੇ ਸਵਾਰ ਅਤਿਵਾਦੀ ਫਰਾਰ ਹੋ ਗਏ। ਸ੍ਰੀ ਗੈਂਡ 50 ਸਾਲ ਦੀ ਉਮਰ ਦੇ ਸਨ

### ਪੁਲਸ ਮੁਖੀ ਗੇਬੇਰੋ ਦਾ ਬਿਆਨ

ਕਤਲ ਦੀ ਖਬਰ ਸੁਣਦਿਆਂ ਹੀ ਪੰਜਾਬ ਪੁਲੀਸ ਦੇ ਮੁਖੀ ਜੂਲੀਓ ਗੇਬੇਰੋ ਜਲੰਧਰ ਪੁਜ ਗਏ। ਇਕ ਬਿਆਨ ਵਿਚ ਉਨ੍ਹਾਂ ਨੇ ਕਿਹਾ ਕਿ ਅਤਿਵਾਦੀਆਂ ਦੀਆਂ ਸਫਾਂ ਵਿਚ ਇਸ ਸਮੇਂ ਭਗਦੜ ਮੱਚੀ ਹੋਈ ਹੈ ਅਤੇ ਉਹ ਆਪਣਾ ਮਾਨਸਿਕ ਤਵਾਜ਼ਨ ਖੋ ਬੈਠੇ ਹਨ। ਉਨ੍ਹਾਂ ਕਿਹਾ ਕਿ ਅਤਿਵਾਦੀਆਂ ਦੇ ਪੰਜ ਮੁਖ ਗਰੋਹ ਖਤਮ ਕੀਤੇ ਜਾ ਚੁਕੇ ਹਨ। ਇਹ ਗਰੋਹ ਬਾਕੀ ਹੈ ਜਿਸ ਵਿਚ 24 ਅਤਿਵਾਦੀ ਸ਼ਾਮਲ ਹਨ। ਸ੍ਰੀ ਗੇਬੇਰੋ ਨੇ ਕਿਹਾ ਕਿ ਇਸ ਗਰੋਹ ਦੀ ਭਾਲ ਵਿਚ ਪੁਲਸ ਸਰਗਰਮ ਹੈ। ਪੁਲਸ ਮੁਖੀ ਨੇ ਕਿਹਾ ਕਿ ਪਹਿਲੇ ਗਰੋਹ ਖਤਮ ਕਰਨ ਪਿਛੋ ਇਹ ਯੋਜਨਾ ਕਾਰਗਰ ਸਾਬਤ ਹੋਈ ਹੈ ਕਿ ਗਰੋਹ ਦਾ ਇਕ ਵਿਅਕਤੀ ਵੀ ਫੜਿਆ ਜਾਵੇ ਤਾਂ ਉਹ ਬਾਕੀਆਂ ਦੀ ਸੂਹ ਦੇ ਦਿੰਦਾ ਹੈ।

### ਅਗਸਤ ਮਹੀਨੇ ਵਿਚ 16 ਕਤਲ

ਪੁਲਸ ਮੁਖੀ ਨੇ ਕਿਹਾ ਕਿ ਅਤਿਵਾਦੀ ਸਰਗਰਮੀਆਂ ਨੂੰ ਪਿਛਲੇ ਮਹੀਨੇ ਤੋਂ ਕਾਫੀ ਠੱਲ੍ਹ ਪਈ ਹੈ। ਉਨ੍ਹਾਂ ਕਿਹਾ ਕਿ ਜੁਲਾਈ ਵਿਚ 60 ਕਤਲ ਹੋਏ ਸਨ ਜਦ ਕਿ ਅਗਸਤ ਵਿਚ ਕਤਲਾਂ ਦੀ ਗਿਣਤੀ 16 ਰਹਿ ਗਈ ਹੈ। ਉਨ੍ਹਾਂ ਕਿਹਾ ਕਿ 24 ਵਿਅਕਤੀਆਂ ਦੇ ਗਰੋਹ ਫੜੇ ਜਾਣ ਨਾਲ ਪੁਲਸ ਮੁਕੰਮਲ ਕਾਬੂ ਪਾ ਲਵੇਗੀ।

### ਜਲੰਧਰ ਵਿਚ ਤਿੰਨ ਅਤਿਵਾਦੀ ਗ੍ਰਿਫਤਾਰ

ਪੁਲਸ ਮੁਖੀ ਨੇ ਕਿਹਾ ਕਿ ਅੱਜ ਜਲੰਧਰ ਵਿਚ ਪੁਲਸ ਨੇ ਤਿੰਨ ਹੋਰ ਅਤਿਵਾਦੀ ਗ੍ਰਿਫਤਾਰ ਕਰ ਲਏ ਹਨ।

### ਜੱਜ ਗੈਂਡ ਦਾ ਸਸਕਾਰ

ਮੰਗਲਵਾਰ ਨੂੰ ਜੱਜ ਗੈਂਡ ਦਾ ਸਸਕਾਰ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਪੰਜਾਬ ਦੇ ਮੁਖ ਮੰਤਰੀ ਤੇ ਕੈਬਨਿਟ ਦੇ ਮੰਤਰੀਆਂ ਤੋਂ ਬਿਨਾਂ ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਰੇਅ ਅੰਤਮ ਸਸਕਾਰ ਸਮੇਂ ਹਾਜ਼ਰ ਸਨ। ਪੰਜਾਬ ਵਿਚ ਅਤਿਵਾਦੀਆਂ ਦੀਆਂ ਸਰਗਰਮੀਆਂ ਦੇ ਵਿਰੋਧ ਵਿਚ ਲੋਕਾਂ ਨੇ ਹੜਤਾਲ ਰੱਖੀ ਜਿਸ ਕਾਰਨ ਸਾਰਾ ਪੰਜਾਬ ਬੰਦ ਰਿਹਾ।

## ਜਨਰਲ ਵੈਦਿਆ ਦੇ ਕਤਲ ਵਿਚ ਸ਼ਾਮਲ ਹਰ-ਭਜਨ ਵੀ ਫੜਿਆ ਗਿਆ

ਚੰਡੀਗੜ੍ਹ — ਪ੍ਰੈਸ ਟਰੱਸਟ ਆਫ ਇੰਡੀਆ ਦੀ ਖਬਰ ਅਨੁਸਾਰ ਇਕ ਹੋਰ ਵਿਅਕਤੀ ਹਰਭਜਨ ਸਿੰਘ ਫੜਿਆ ਗਿਆ ਹੈ ਜੋ ਆਪਣੇ ਆਪ ਨੂੰ ਅਖੌਤੀ ਖਾਲਿਸਤਾਨੀ ਕਮਾਂਡੋ ਫੋਰਸ ਦਾ ਨੰਬਰ ਦੋ ਵਿਅਕਤੀ ਕਹਿੰਦਾ ਸੀ। ਫੜੇ ਜਾਣ ਪਿਛੋਂ ਉਸਨੇ ਸੱਤ ਕਤਲਾਂ ਦਾ ਦੋਸ਼ੀ ਆਪਣੇ ਆਪ ਨੂੰ ਮੰਨਿਆ ਹੈ। ਖਬਰ ਅਨੁਸਾਰ ਇਹ ਵਿਅਕਤੀ ਜਨਰਲ ਅਰੁਨ ਵੈਦਿਆ ਦੇ ਕਤਲ ਵਿਚ ਸ਼ਾਮਲ ਸੀ।

## ਕੈਨੇਡਾ-ਸੋਵੀਅਤ ਮਿੱਤਰਤਾ ਸੁਸਾਇਟੀ ਵਲੋਂ ਸਰੀ ਵਿਚ ਸ਼ਾਨਦਾਰ ਸਮਾਗਮ



## ਹਿੰਦ-ਪਾਕਿ ਸਰਹੱਦ 'ਤੇ 10 ਅਤਿਵਾਦੀ ਮਾਰੇ

### ਦੋ ਦੀ ਪਛਾਣ ਹੋ ਗਈ

ਅੰਮ੍ਰਿਤਸਰ — ਇਥੋਂ 60 ਕਿਲੋਮੀਟਰ ਦੂਰ ਹਿੰਦ-ਪਾਕਿ ਸਰਹੱਦ ਉਤੇ ਸੁਰੱਖਿਆ ਸੈਨਾਵਾਂ ਤੇ ਪਾਕਿਸਤਾਨ ਤੋਂ ਸਰਹੱਦ ਪਾਰ ਕਰ ਰਹੇ ਅਤਿਵਾਦੀਆਂ ਵਿਚਕਾਰ ਗੋਲੀ ਚਲਣ ਕਾਰਨ ਦਸ ਅਤਿਵਾਦੀ ਮਾਰੇ ਗਏ। ਸੱਤ ਜਵਾਨ ਜ਼ਖਮੀ ਹੋਏ। ਬਾਰਡਰ ਸਕਿਉਰਿਟੀ ਫੋਰਸ ਦੇ ਇਕ ਅਫਸਰ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਪੁਲਸ ਸੂਤਰਾਂ ਅਨੁਸਾਰ ਪਾਕਿਸਤਾਨ ਤੋਂ ਟਰੇਨਿੰਗ ਲੈ ਕੇ ਆਏ ਇਨ੍ਹਾਂ ਅਤਿਵਾਦੀਆਂ ਦੇ ਟੋਲੇ ਵਿਚ 40 ਵਿਅਕਤੀ ਸਨ ਜੋ ਸਰਹੱਦ ਪਾਰ ਕਰ ਰਹੇ ਸਨ। ਬੀ. ਐਸ. ਐਫ. ਦੇ ਜਵਾਨਾਂ ਵਲੋਂ ਚੈਲਿੰਜ ਕਰਨ ਉਤੇ ਅਤਿਵਾਦੀਆਂ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ।

ਤੜਕੇ 4 ਵਜੇ ਹੋਈ ਇਸ ਸਰਹੱਦੀ ਝੜਪ ਵਿਚ ਮਰਨ ਵਾਲਿਆਂ ਦੀ ਗਿਣਤੀ ਦਸ ਦੱਸੀ ਗਈ ਹੈ ਜਿਨ੍ਹਾਂ ਵਿਚ ਦੋ ਲਾਸ਼ਾਂ ਪਹਿਚਾਣੀਆਂ ਜਾ ਚੁਕੀਆਂ ਹਨ। ਗੋਲੀਆਂ ਦੀ ਵਾਛੜ ਨਾ ਝੱਲਦੇ 30 ਅਤਿਵਾਦੀ ਮੁੜ ਪਾਕਿਸਤਾਨ ਵਿਚ ਦਾਖਲ ਹੋ ਗਏ।

ਪੁਲਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪਾਕਿਸਤਾਨੀ ਆਮ ਤੌਰ ਉਤੇ 10,10 ਵਿਅਕਤੀਆਂ ਦੇ ਟੋਲੇ ਭੇਜਦੇ ਹਨ ਜੋ ਕਈ ਵਾਰ ਸਰਹੱਦ ਵੀ ਪਾਰ ਕਰ ਜਾਂਦੇ ਹਨ। ਬਹੁਤੇ ਵਿਅਕਤੀ ਕਤਲ ਕਰਨ ਤੋਂ ਦਰੇਗ਼ ਵੀ ਕਰਦੇ ਹਨ।

ਡੈਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

ਸਾਡੇ ਕੋਲ ਚਾਂਦੀ ਦੇ ਗਹਿਣੇ ਸਪੈਸ਼ਲ ਤੇ ਵੱਖਰੇ ਵੱਖਰੇ ਡੀਜ਼ਾਈਨਾਂ ਵਿਚ ਹਨ - ਆਓ ਤੇ ਆ ਕੇ ਦੇਖੋ

PH. 588-5808

ਏ. ਸੀ. ਜਿਊਲਰਜ਼.



ਫਗਵਾੜੇ ਵਾਲਿਆਂ ਦੀ ਦੁਕਾਨ

9373 - 120 St. Delta, B.C.

# ਜਰਨੈਲ ਸਿੰਘ ਹਲਵਾਰਾ ਗ੍ਰਿਫ਼ਤਾਰ

ਚੰਡੀਗੜ੍ਹ — ਇਥੋਂ ਮਿਲੀ ਸੂਚਨਾ ਅਨੁਸਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਦੇ ਕਥਿਤ ਮੁਖ ਦੋਸ਼ੀ ਜਰਨੈਲ ਸਿੰਘ ਹਲਵਾਰਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਖਬਰ ਅਨੁਸਾਰ ਡਾ: ਗੁਰਮੇਲ ਸਿੰਘ ਨਾਂ ਦਾ ਇਕ ਵਿਅਕਤੀ ਵੀ ਫੜਿਆ ਗਿਆ ਹੈ। ਇਨ੍ਹਾਂ ਵਿਅਕਤੀਆਂ ਦੇ ਨਾਂ ਪਿਛਲੇ ਸਾਲ ਤੋਂ ਹੀ ਉਭਰ ਕੇ ਸਾਹਮਣੇ ਆ ਰਹੇ ਸਨ। ਸ਼ੱਕ ਕੀਤੀ ਜਾਂਦੀ ਹੈ ਕਿ ਇਹ ਦੋਵੇਂ ਪਾਕਿਸਤਾਨ ਵਿਚ ਜਾ ਵੜੇ ਸਨ ਪਰ ਸਰਹੱਦ ਦੇ ਇਧਰ ਉਧਰ ਆਦਾਨ ਪ੍ਰਦਾਨ ਵਿਚ ਫੇਰ ਪੰਜਾਬ ਵਿਚ ਸਰਗਰਮ ਹੋ ਗਏ।

ਜਰਨੈਲ ਸਿੰਘ ਹਲਵਾਰਾ ਨੂੰ ਫੜਨ ਲਈ ਇਕ ਲੱਖ ਰੁਪਏ ਦਾ ਇਨਾਮ ਪੰਜਾਬ ਸਰਕਾਰ ਵਲੋਂ ਰੱਖਿਆ ਗਿਆ ਸੀ ਜੋ ਪੁਲੀਸ ਮੁਖੀ ਅਨੁਸਾਰ ਉਨ੍ਹਾਂ ਸਿਪਾਹੀਆਂ ਨੂੰ ਦਿਤਾ ਜਾਵੇਗਾ ਜੋ ਜਰਨੈਲ ਸਿੰਘ ਨੂੰ ਫੜਨ ਵਿਚ ਕਾਮਯਾਬ ਹੋਏ ਹਨ।

# ਪੰਜਾਬ ਵਿਚੋਂ ਅਤਿਵਾਦ ਛੇਤੀ ਖਤਮ ਕੀਤਾ ਜਾਵੇਗਾ — ਰਾਜਪਾਲ ਦਾ ਐਲਾਨ

ਜਲੰਧਰ — ਪੰਜਾਬ ਦੇ ਰਾਜਪਾਲ ਸ੍ਰੀ ਸਿਧਾਰਥ ਸ਼ੰਕਰ ਰੇਅ ਨੇ ਇਥੇ ਐਲਾਨ ਕੀਤਾ ਕਿ ਪੰਜਾਬ ਵਿਚੋਂ ਅਤਿਵਾਦ ਛੇਤੀ ਖਤਮ ਕੀਤਾ ਜਾਵੇਗਾ ਤੇ ਬਦੇਸ਼ੀ ਤਾਕਤਾਂ ਦੀ ਸ਼ਹਿ ਤੇ ਰਾਜ ਵਿਚ ਅਮਨ, ਫਿਰਕੂ ਏਕਤਾ ਤੇ ਭਾਈਚਾਰਾ ਨਸ਼ਟ ਕਰਨ ਦੀ ਆਗਿਆ ਕਿਸੇ ਨੂੰ ਵੀ ਨਹੀਂ ਦਿਤੀ ਜਾਵੇਗੀ। ਹਿੰਸਕ ਕਾਰਵਾਈਆਂ ਕਰਨ ਵਾਲੇ ਲੋਕਾਂ ਨੂੰ ਸਖਤੀ ਨਾਲ ਦਬਾਅ ਦਿਤਾ ਜਾਵੇਗਾ। ਉਹ ਜੱਜ ਗੇਂਡ ਦੀ ਮੌਤ ਦੇ ਸਬੰਧ ਵਿਚ ਇਥੇ ਆਏ ਸਨ

### ਹਾਲਾਤ ਸੁਧਰਨਗੇ

ਰਾਜਪਾਲ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਹਾਲਾਤ ਛੇਤੀ ਹੀ ਸੁਧਰ ਜਾਣਗੇ ਤੇ ਰਾਜ ਸਰਕਾਰ ਇਸ ਲਈ ਸਿਰ ਤੋੜ ਯਤਨ ਕਰ ਰਹੀ ਹੈ। ਪੰਜਾਬ ਦੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਦੀ ਪ੍ਰਸੰਸਾ ਕਰਦਿਆਂ ਉਹਨਾਂ ਕਿਹਾ ਕਿ ਸ: ਬਰਨਾਲਾ ਲੋਕਾਂ ਵਿਚ ਆਪਸੀ ਪਿਆਰ ਅਤੇ ਏਕਤਾ ਬਣਾਈ ਰੱਖਣ ਲਈ ਪੂਰੇ ਯਤਨ ਕਰ ਰਹੇ ਹਨ। ਉਹਨਾਂ ਪੰਜਾਬ ਵਾਸੀਆਂ ਨੂੰ ਯਕੀਨ ਦਿਵਾਇਆ ਕਿ ਉਹਨਾਂ ਦੀ ਜਾਨ ਮਾਲ ਦੀ ਪੂਰੀ ਸੁਰੱਖਿਆ ਕੀਤੀ ਜਾਵੇਗੀ। ਇਸ ਲਈ ਪੰਜਾਬ ਦੇ ਲੋਕ ਵੀ ਸ਼ਰਾਰਤੀ ਅਨਸਰਾਂ ਦੇ ਖਾਤਮੇ ਲਈ ਸਰਕਾਰ ਨੂੰ ਪੂਰਾ ਸਹਿਯੋਗ ਦੇਣ।

### ਅਤਿਵਾਦ ਦਾ ਸਫਾਇਆ

ਰਾਜਪਾਲ ਨੇ ਕਿਹਾ ਕਿ ਸਰਕਾਰ ਨੇ ਪੰਜਾਬ ਵਿਚ ਚੋਟੀ ਦੇ ਕਈ ਅਤਿਵਾਦੀ ਫੜ ਲਏ ਹਨ ਅਤੇ ਹੋਰ ਗ੍ਰਿਫਤਾਰੀਆਂ ਲਈ ਲਗਾਤਾਰ ਛਾਪੇ ਜਾਰੀ ਹਨ। ਪੁਲਸ ਮੁਖੀ ਸੀ ਰਿਬੇਰੋ ਅਤਿਵਾਦ ਨੂੰ ਠੱਲ੍ਹ ਪਾਉਣ ਲਈ ਕਾਫੀ ਹੱਦ ਤੱਕ ਕਾਮਯਾਬ ਹੋਏ ਹਨ ਅਤੇ ਪੁਲਸ ਵਲੋਂ ਹੋਰ ਅਤਿਵਾਦੀਆਂ ਦੀ ਗ੍ਰਿਫਤਾਰੀ ਲਈ ਯਤਨ ਜਾਰੀ ਹਨ। ਦਹਿਸ਼ਤਪਸੰਦਾਂ ਦੀ ਨਿੰਦਾ ਕਰਦਿਆਂ ਉਹਨਾਂ ਕਿਹਾ ਕਿ ਇਨ੍ਹਾਂ ਲੋਕਾਂ ਦਾ ਕੋਈ ਧਰਮ ਨਹੀਂ ਹੁੰਦਾ। ਸਾਡੇ ਗੁਰੂਆਂ ਪੀਰਾਂ ਨੇ ਤਾਂ ਮਾਨਵਤਾ ਦੀ ਭਲਾਈ ਲਈ ਸਿਖਿਆ ਦਿੱਤੀ ਹੈ ਅਤੇ ਸਰਬੱਤ ਦਾ ਭਲਾ ਲੋਚਿਆ ਹੈ ਪਰ ਇਹ ਅਤਿਵਾਦੀ ਗੁਰੂ ਦੇ ਸਿੱਖ ਨਹੀਂ ਹਨ। ਸਾਨੂੰ ਸਾਰਿਆਂ ਨੂੰ ਗੁਰੂਆਂ ਦੇ ਪਾਏ ਮਾਰਗ ਤੇ ਚੱਲਕੇ ਜੀਵਨ ਸਫਲ ਬਣਾਉਣਾ ਚਾਹੀਦਾ ਹੈ।

### ਦੇਸ਼ ਨਾਲੋਂ ਵੱਖ ਨਹੀਂ

ਭਾਰਤ ਦੇ ਕਿਸੇ ਵੀ ਹਿੱਸੇ ਨੂੰ ਦੇਸ਼ ਨਾਲੋਂ ਵੱਖ ਨਹੀਂ ਹੋਣ ਦਿਤਾ ਜਾਵੇਗਾ ਅਤੇ ਨਾ ਹੀ ਸਮਾਜ ਵਿਚ ਕੋਈ ਵੰਡ ਹੀ ਹੋਣ ਦਿਤੀ ਜਾਵੇਗੀ। ਦੇਸ਼ ਅਤੇ ਰਾਜ ਦੇ ਹਿੰਦੂ ਸਿੱਖਾਂ ਵਿਚ ਆਪਸੀ ਏਕਤਾ ਅਤੇ ਭਾਈਚਾਰਾ ਸਦੀਆਂ ਪੁਰਾਣਾ ਚਲਦਾ ਆ ਰਿਹਾ ਹੈ ਅਤੇ ਇਹ ਸਦਭਾਵਨਾ ਹਰ ਕੀਮਤ ਤੇ ਕਾਇਮ ਰੱਖੀ ਜਾਵੇਗੀ। ਪੰਜਾਬ ਦੇ 99 ਫੀਸਦੀ ਲੋਕਾਂ ਵਿਚ ਆਪਸੀ ਏਕਤਾਂ ਕਾਇਮ ਹੈ ਤੇ ਉਹ ਅਤਿਵਾਦ ਨੂੰ ਖਤਮ ਕਰਨਾ ਚਾਹੁੰਦੇ ਹਨ। ਕੁਝ ਕੁ ਸ਼ਰਾਰਤੀ ਅਨਸਰਾਂ ਨੂੰ ਸਮਾਜ ਵਿਚੋਂ ਛੇਕ ਕੇ ਉਹਨਾਂ ਦਾ ਖਾਤਮਾ ਕੀਤਾ ਜਾਣਾ ਚਾਹੀਦਾ ਹੈ।

### ਪ੍ਰਧਾਨ ਮੰਤਰੀ ਦਾ ਰੋਲ

ਭਾਰਤ ਦੇ ਪ੍ਰਧਾਨ ਮੰਤਰੀ ਦੇ ਰੋਲ ਦੀ ਪ੍ਰਸੰਸਾ ਕਰਦਿਆਂ ਉਹਨਾਂ ਕਿਹਾ ਕਿ ਅਤਿਵਾਦੀ ਵਿਰੁਧ ਪ੍ਰਧਾਨ ਮੰਤਰੀ ਨੇ ਜੋ ਜੰਗ ਛੇੜਨ ਦਾ ਐਲਾਨ ਕੀਤਾ ਹੈ ਉਸ ਵਿਚ ਪੂਰੀ ਸਫਲਤਾ ਮਿਲੇਗੀ ਅਤੇ ਅਤਿਵਾਦੀ ਦਾ ਜੜ੍ਹਾਂ ਤੋਂ ਖਾਤਮਾ ਕੀਤਾ ਜਾਵੇਗਾ। ਦੇਸ਼ ਦੇ ਹਰ ਖੇਤਰ ਵਿਚੋਂ ਅਤਿਵਾਦ ਦਾ ਮੁਕੰਮਲ ਤੌਰ ਤੇ ਨਾਸ ਕੀਤਾ ਜਾਵੇਗਾ। ਪੰਜਾਬ ਮਸਲੇ ਦੇ ਹੱਲ ਲਈ ਵੀ ਪ੍ਰਧਾਨ ਮੰਤਰੀ ਗੰਭੀਰ ਹਨ ਤੇ ਇਹ ਛੇਤੀ ਹੱਲ ਕਰ ਲਿਆ ਜਾਵੇਗਾ।

### ਪੰਜਾਬ ਦੀ ਤਰੱਕੀ

ਪੰਜਾਬ ਵਿਚ ਹਾਲਾਤ ਖਰਾਬ ਹੋਣ ਦੇ ਬਾਵਜੂਦ ਪੰਜਾਬ ਨੇ ਹਰ ਖੇਤਰ ਵਿਚ ਤਰੱਕੀ ਕੀਤੀ ਹੈ। ਪੰਜਾਬ ਵਿਚ ਐਤਕਾਂ ਕਣਕ ਦੀ ਰਿਕਾਰਡ ਪੈਦਾਵਾਰ ਹੋਈ ਹੈ। 20 ਨੁਕਾਤੀ ਪ੍ਰੋਗਰਾਮ ਅਧੀਨ ਵੀ ਪੰਜਾਬ ਨੇ ਯੂ. ਪੀ. ਤੇ ਰਾਜਸਥਾਨ ਵਾਂਗ ਕਾਫੀ ਉਨਤੀ ਕੀਤੀ ਹੈ। ਪੰਜਾਬ ਵਿਚ ਹਰੇਕ ਯੋਜਨਾ ਪੂਰੀ ਤਰ੍ਹਾਂ ਸਫਲ ਹੋਈ ਹੈ ਤੇ ਹਰੇਕ ਮਿਥਿਆ ਟੀਚਾ ਵੀ ਪੂਰਾ ਹੋਇਆ। ਪੰਜਾਬ ਵਿਚ ਰੀਕਵਰੀ ਵੀ ਪਿਛੇ ਨਹੀਂ ਹੈ। ਸਨਅਤ ਨੂੰ ਕੁਝ ਢਾਅ ਲੱਗੀ ਹੈ ਪਰ ਆਉਣ ਵਾਲੇ ਸਾਲਾਂ ਵਿਚ ਸਨਅਤ ਦਾ ਵੀ ਪੰਜਾਬ ਵਿਚ ਵਿਕਾਸ ਕੀਤਾ ਜਾਵੇਗਾ।

### ਅਫਵਾਹਾਂ ਤੋਂ ਬਚੋ

ਰਾਜਪਾਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਅਫਵਾਹਾਂ ਤੋਂ ਬਚਿਆ ਜਾਵੇ। ਉਹਨਾਂ ਪੰਜਾਬ ਦੀਆਂ ਅਖਬਾਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਲੋਕਾਂ ਸਾਹਮਣੇ ਅਸਲੀਅਤ ਪੇਸ਼ ਕੀਤੀ ਜਾਵੇ।

# ਸੋਵੀਅਤ ਰੂਸ ਤੇ ਚੀਨ ਦੁਆਰਾ ਤੇਲ ਨਿਰਯਾਤ ਵਿਚ ਕਟੌਤੀ

## ਈਰਾਨ ਨੇ ਸਵਾਗਤ ਕੀਤਾ

ਬਿਜਿੰਗ — ਈਰਾਨ ਦੇ ਤੇਲ ਮੰਤਰੀ ਨੇ ਇਕ ਬਿਆਨ ਵਿਚ ਸੋਵੀਅਤ ਰੂਸ ਅਤੇ ਚੀਨ ਦੀਆਂ ਸਰਕਾਰਾਂ ਦੇ ਇਸ ਬਿਆਨ ਦਾ ਸਵਾਗਤ ਕੀਤਾ ਹੈ ਕਿ ਉਹ ਬਾਹਰ ਭੇਜੇ ਜਾਣ ਵਾਲੇ ਤੇਲ ਦੀ ਮਿਕਦਾਰ ਵਿਚ ਭਾਰੀ ਕਟੌਤੀ ਕਰਨਗੇ।

ਈਰਾਨ ਦੇ ਤੇਲ ਮੰਤਰੀ ਗੁਲਾਮ ਰਜ਼ਾ ਨੇ ਕਿਹਾ ਕਿ ਉਹ ਤੇਲ ਉਤਪਾਦਕ ਮੁਲਕਾਂ ਦੀ ਕਾਨਫਰੰਸ ਵਿਚ ਤੇਲ ਦੀ ਡਿਗਦੀ ਕੀਮਤ ਨੂੰ ਰੋਕਣ ਲਈ ਉਤਪਾਦਨ ਘਟਾਉਣ ਸਬੰਧੀ ਕੀਤੇ ਫੈਸਲੇ ਨਾਲ ਸੰਤੁਸ਼ਟ ਹਨ। ਉਹਨਾ ਨਾਲ ਵੀ ਇਹ ਵੀ ਕਿਹਾ ਕਿ ਸੋਵੀਅਤ ਯੂਨੀਅਨ 100000 ਬੈਰਲ ਪ੍ਰਤੀ ਦਿਨ ਘਟਾਉਣ ਲਈ ਰਜਾਮੰਦ ਹੋ ਗਿਆ ਉਸਦੀ ਕੁਲ ਤੇਲ ਨਿਰਯਾਤ ਜੋ ਪੱਛਮੀ ਮੁਲਕਾਂ ਨੂੰ ਕਰਦਾ ਹੈ। ਚੀਨ ਨੇ ਵੀ ਕਟੌਤੀ ਕਰਨੀ ਮੰਨ ਲਈ ਹੈ ਤੇ ਛੇਤੀ ਹੀ ਚੀਨ ਸਰਕਾਰ ਇਹ ਐਲਾਨ ਕਰੇਗੀ ਕਿ ਉਹ ਕਿੰਨੀ ਕਟੌਤੀ ਤੇਲ ਨਿਰਯਾਤ ਵਿਚ ਕਰਦੇ ਹਨ।

# ਦੋ ਜਹਾਜ਼ ਟਕਰਾਉਣ ਨਾਲ 88 ਮੌਤਾਂ

ਲਾਸ ਏਜੰਲਸ — ਇਥੋਂ ਦੇ ਹਵਾਈ ਅੱਡੇ ਤੋਂ 15 ਕਿਲੋਮੀਟਰ ਦੂਰ ਦੋ ਹਵਾਈ ਜਹਾਜ਼ਾਂ ਦੇ ਟਕਰਾਉਣ ਨਾਲ 7 ਮੌਤਾਂ ਹੋਈਆਂ ਹਨ ਜਿਨ੍ਹਾਂ ਵਿਚ 64 ਵਿਅਕਤੀ ਏਅਰ ਮੈਕਸੀਕੋ ਦੇ ਜਹਾਜ਼ ਵਿਚ ਸਫਰ ਕਰ ਕਰੇ ਸਨ। ਜਹਾਜ਼ ਡਿਗਣ ਨਾਲ 24 ਵਿਅਕਤੀ ਰਿਹਾਇਸ਼ੀ ਇਲਾਕੇ ਵਿਚ ਮਾਰੇ ਗਏ। ਬਹੁਤ ਸਾਰੇ ਘਰ ਵੀ ਜਾਲੇ ਗਏ।

# ਗਾਂਧੀ ਫਿਲਮ ਨੇ 90 ਕਰੋੜ ਰੁਪਏ ਕਮਾਏ

ਨਵੀਂ ਦਿੱਲੀ — ਸਰ ਰਿਚਰਡ ਐਟਨਬਰੋ ਦੀ ਫਿਲਮ 'ਗਾਂਧੀ' ਨੇ 1985 ਦੇ ਅੰਤ ਤੱਕ ਵਿਸ਼ਵ ਭਰ ਚੋਂ 9 ਕਰੋੜ ਅਮਰੀਕੀ ਡਾਲਰ (ਲਗਪਗ 90 ਕਰੋੜ ਰੁਪੈ) ਕਮਾਏ ਹਨ। 9.22 ਕਰੋੜ ਡਾਲਰ ਦੀ ਕੁਲ ਰਕਮ ਵਿਚੋਂ ਰਾਸ਼ਟਰੀ ਫਿਲਮ ਵਿਕਾਸ ਨਿਗਮ ਦਾ ਹਿਸਾ 13.35 ਕਰੋੜ ਰੁਪੈ ਬਣਦਾ ਹੈ। ਜਿਸ ਵਿਚੋਂ 13.11 ਕਰੋੜ ਰੁਪੈ ਭਾਰਤ ਵਿਚੋਂ ਮਿਲੇ ਹਨ। ਨਿਗਮ ਦੇ ਕੁਲ ਹਿਸੇ ਵਿਚੋਂ 11.84 ਕਰੋੜ ਰੁਪੈ ਵਿਦੇਸ਼ੀ ਮੁਦਰਾ ਵਿਚ ਹਨ। ਏਸੇ ਦੌਰਾਨ ਫਿਲਮ ਦੇ ਨਿਰਮਾਤਾਵਾਂ ਨੇ ਭਾਰਤ ਵਿਚ ਫਿਲਮ ਨੂੰ ਟੀ ਵੀ ਤੇ ਦਿਖਾਉਣ ਦੀ ਪ੍ਰਵਾਨਗੀ ਦੇ ਦਿਤੀ ਹੈ ਕਿਉਂਕਿ ਇਸ ਨੇ ਇਹ ਫਿਲਮ ਦੇਸ਼ ਭਰ ਵਿਚ ਚਲਾ ਲਈ ਹੈ।

# ਸੂਡਾਨ ਵਿਚ ਭੁੱਖਮਰੀ

ਜੈਨੇਵਾ — ਇੰਟਰਨੈਸ਼ਨਲ ਰੈਡ ਕਰਾਸ ਦੀ ਇਕ ਰਿਪੋਰਟ ਅਨੁਸਾਰ ਡਰ ਪ੍ਰਗਟ ਕੀਤਾ ਗਿਆ ਹੈ ਕਿ ਸੂਡਾਨ ਦੇ ਇਕ ਸ਼ਹਿਰ ਵਿਚ ਜਿਥੇ ਖਾਨਾਜੰਗੀ ਹੈ ਤੇ ਰਾਹਤ ਕਾਰਵਾਈਆਂ ਠਪ ਹੋਈਆਂ ਪਈਆਂ ਹਨ। ਲੱਖਾਂ ਲੋਕਾਂ ਦੇ ਭੁਖ ਨਾਲ ਮਰ ਜਾਣ ਦਾ ਅੰਦੇਸ਼ਾ ਹੈ ਇਹ ਦੱਖਣੀ ਸੂਡਾਨ ਦਾ ਸ਼ਹਿਰ ਵਾਓ ਹੈ ਜਿਥੇ ਗੁਰੀਲਾ ਯੁਧ ਹੋ ਰਿਹਾ ਹੈ ਤੇ ਭੁਖ ਮਰੀ ਤੇ ਕਾਲ ਕਾਰਨ 130000 ਲੋਕਾਂ ਦੁਆਰਾ ਜਾਨਾਂ ਗੁਆਉਣ ਦਾ ਅੰਦੇਸ਼ਾ ਹੈ। ਗੁਰੀਲਿਆਂ ਨੇ ਪਿਛੇ ਜਿਹੇ ਇਕ ਹਵਾਈ ਜਹਾਜ਼ ਸੁੱਟ ਲਿਆ ਸੀ ਜਿਸ ਦੁਆਰਾ ਇਲਾਕੇ ਵਿਚ ਰੈਡ ਕਰਾਸ ਰਾਹੀਂ ਰਸਦ ਸਪਲਾਈ ਭੇਜੀ ਜਾਂਦੀ ਸੀ ਪਰ ਗੁਰੀਲਿਆਂ ਦੇ ਕਹਿਣ ਅਨੁਸਾਰ ਕਿ ਇਹ ਸਿਵਲੀਅਨ ਜਹਾਜ਼ ਰੈਡ ਕਰਾਸ ਦੇ ਨਾਂ ਥੱਲੇ ਸੂਡਾਨ ਦੀ ਸਰਕਾਰ ਦੇ ਲਈ ਫੌਜੀ ਢੋਣ ਦਾ ਕੰਮ ਕਰਦੇ ਹਨ। ਇਸ ਤੋਂ ਪਿਛੋਂ ਰੈਡ ਕਰਾਸ ਦਾ ਰਾਹਤ ਕੰਮ ਰੋਕ ਦਿਤਾ ਗਿਆ ਸੀ ਤੇ ਹੁਣ ਜੋ ਮਦਦ ਜਾਂਦੀ ਹੈ ਸਿਰਫ ਸੜਕਾਂ ਰਾਹੀਂ ਹੀ ਜਾਂਦੀ ਹੈ ਜੋ ਨਾ ਕਾਫੀ ਹੈ।

# ਬੇਪਛਾਣ ਲਾਸ਼

ਰਿਚਮੰਡ — 'ਪ੍ਰੋਵਿੰਨਸ' ਅਖਬਾਰ ਦੀ ਖਬਰ ਅਨੁਸਾਰ ਰਿਚਮੰਡ ਪੁਲਸ ਦੇ ਕਬਜ਼ੇ ਹੇਠ ਇਕ ਲਾਸ਼ ਹੈ ਜੋ ਈਸਟ ਇੰਡੀਅਨ ਕਮਿਊਨਿਟੀ ਦੇ ਵਿਅਕਤੀ ਦੀ ਹੈ ਪਰ ਉਸ ਦੀ ਅਜੇ ਤੱਕ ਪਹਿਚਾਣ ਨਹੀਂ ਹੋ ਸਕੀ। ਉਸ ਆਦਮੀ ਦੇ ਮੁੱਛਾਂ, ਦਾੜ੍ਹੀ ਤੇ ਕੇਸ ਹਨ ਅਤੇ ਉਸਦਾ ਇਕ ਮੂਹਰਲਾ ਦੰਦ ਨਹੀਂ ਹੈ। ਇਹ ਲਾਸ਼ ਫਰੇਜ਼ਰ ਦਰਿਆ ਵਿਚੋਂ ਪੁਲਸ ਹੈ ਪਿਛਲੇ ਹਫਤੇ ਲੱਭੀ।

# ਮਾਤਾ ਤੇਜ਼ ਕੌਰ ਜੀ ਦਾ ਅੰਤਮ ਸਸਕਾਰ



ਕਾਮਰੇਡ ਪਿਆਰਾ ਸਿੰਘ ਬਾਸੀ ਦੇ ਮਾਤਾ ਜੀ ਸ੍ਰੀਮਤੀ ਤੇਜ਼ ਕੌਰ ਦਾ ਅੰਤਮ ਸਸਕਾਰ 6 ਸਤੰਬਰ, 1986 ਨੂੰ ਹੋਵੇਗਾ। ਮਾਤਾ ਜੀ ਦਾ ਦਿਹਾਂਤ 23 ਅਗਸਤ ਨੂੰ ਹੋ ਗਿਆ ਸੀ।

ਅੰਤਮ ਰਸਮ — 6 ਸਤੰਬਰ ਨੂੰ ਸਵੇਰੇ ਦਸ ਵਜੇ Avalon Funeral Hall, 13288 - 108 Ave. Surrey ਵਿਚ ਹੋਵੇਗੀ।

ਅੰਤਮ ਸਸਕਾਰ ਹੈਮਿਲਟਨ ਮੋਰਚਰੀ (ਫਰੇਜ਼ਰ ਤੇ 41 ਐਵੇਨੀਊ) ਉਤੇ ਸਾਢੇ ਗਿਆਰਾਂ ਵਜੇ ਹੋਵੇਗਾ।

ਕੀ ਤੁਹਾਨੂੰ ਕੋਈ ਬੀਮਾਰੀ ਹੈ, ਜਿਸਦਾ ਇਲਾਜ਼ ਨਹੀਂ ਹੋ ਸਕਿਆ?
ਇੱਕ ਰਸਤਾ ਹੋਰ ਹੈ :

**ਹਿਪਨੋਥੈਰੇਪੀ**

ਦਮਾਂ, ਦਰਦ, ਨਸ਼ਾ, ਵਜ਼ਨ, ਦਿਮਾਗੀ ਚਿੰਤਾ, ਕਰੋਧ, ਬਲੱਡ ਪਰੇਸ਼ਰ, ਗੁਪਤ ਬੀਮਾਰੀਆਂ ਜਾਂ ਕੋਈ ਵੀ ਗੰਭੀਰ ਰੋਗ ਹੋਵੇ, ਸਭ ਦਾ ਸ਼ਰਤੀਆਂ ਇਲਾਜ਼ !! (ਬਿਨਾਂ ਦਵਾਈਆਂ ਦਾ ਪ੍ਰਯੋਗ ਕੀਤਿਆਂ)

ਇਸ ਤੋਂ ਇਲਾਵਾ

ਯਾਦਦਾਸ਼ਤ ਵਧਾਉਣੀ, ਦਿਲ ਦੇ ਦੌਰੇ ਦਾ ਇਲਾਜ਼, ਡਰ ਭੈ ਤੋਂ ਛੁਟਕਾਰਾ ਜਾਂ ਬੱਚਿਆਂ ਦੀ ਰੁਚੀ ਗ਼ਲਤ ਪਾਸੇ ਤੋਂ ਹਟਾ ਕੇ ਪੜ੍ਹਨ ਵੱਲ ਲਗਾਉਣੀ ਆਦਿ : ਅਤੇ ਜ਼ਿੰਦਗੀ 'ਚ ਨਵੇਂ ਉਤਸ਼ਾਹ ਪੈਦਾ ਕਰਨ ਵਾਸਤੇ

**ਪ੍ਰਕਾਸ਼ ਬਸਰਾਂ** ਨੂੰ ਫੋਨ ਕਰੋ

(403) 791-5105/2571

ਐਡਮਿੰਟਨ ਵੀ ਮਿਲਿਆ ਜਾ ਸਕਦਾ ਹੈ, ਸੰਪਰਕ ਪੈਦਾ ਕਰਕੇ (ਸਿਰਫ਼ ਵੀਕਐਂਡ ਤੇ ਹੀ)

# ਕੈਨੇਡਾ ਵਿਚ ਹੜਤਾਲਾਂ ਹੀ ਹੜਤਾਲਾਂ

- ਨਿਊਫਾਊਂਡਲੈਂਡ ਵਿਚ 5500 ਸਰਕਾਰੀ ਕਾਮਿਆਂ ਨੇ ਗੈਰ ਕਾਨੂੰਨੀ ਹੜਤਾਲ ਕੀਤੀ।
- ਕਿਊਬਿਕ ਦੇ ਸਰਕਾਰੀ ਵਕੀਲਾਂ ਨੇ ਅੱਜ ਕੰਮ ਤੋਂ ਵਾਕ ਆਊਟ ਕੀਤਾ।
- ਥੰਡਰ ਬੇਅ ਦੇ 1000 ਗਰੇਨ ਹੈਂਡਲਰ ਕਾਮਿਆਂ ਨੇ ਹੜਤਾਲ ਕਰ ਦਿਤੀ ਜਦੋਂ ਮਾਲਕਾਂ ਨੇ ਕਾਮਿਆਂ ਨੂੰ ਤਨਖਾਹ ਵਿਚ 20 ਪ੍ਰਤੀਸ਼ਤ ਕਟੌਤੀ ਕਰਨ ਲਈ ਕਿਹਾ
- ਕੈਨੇਡਾ ਦੇ ਕੈਥੋਲਿਕ ਚਰਚ ਨੇ ਅਪੀਲ ਕੀਤੀ ਹੈ ਕਿ ਸੰਡੇ ਸ਼ਾਪਿੰਗ ਨੂੰ ਰੋਕਿਆ ਜਾਵੇ।

# ਭਾਰਤੀਆਂ ਉਪਰ ਇੰਗਲੈਂਡ ਨੇ ਵੀ ਵੀਜ਼ਾ ਲਾ ਦਿਤਾ

## ਪਾਕਿਸਤਾਨ, ਬੰਗਲਾ ਦੇਸ਼, ਘਾਨਾ ਤੇ ਨਾਈਜ਼ੀਰੀਆ ਵੀ ਜੱਦ ਹੇਠ

ਲੰਡਨ — ਇੰਗਲੈਂਡ ਦੀ ਥੈਚਰ ਸਰਕਾਰ ਨੇ ਭਾਰਤ, ਪਾਕਿਸਤਾਨ, ਬੰਗਲਾ ਦੇਸ਼ ਅਤੇ ਪੱਛਮੀ ਅਫਰੀਕਾ ਦੇ ਦੋ ਦੇਸ਼ਾਂ ਘਾਨਾ ਤੇ ਨਾਈਜੀਰੀਆ ਦੇ ਸੈਲਾਨੀਆਂ ਉਪਰ ਵੀਜ਼ੇ ਦੀ ਮਦ ਲਾਗੂ ਕਰ ਦਿਤੀ ਹੈ। ਇਕ ਕੈਬਨਿਟ ਫੈਸਲੇ ਰਾਹੀਂ ਕਿਹਾ ਗਿਆ ਹੈ ਕਿ ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਵਿਅਕਤੀਆਂ ਲਈ ਜ਼ਰੂਰੀ ਹੋਵੇਗਾ ਕਿ ਉਹ ਬਰਤਾਨਵੀ ਦੂਤਾਵਾਸਾਂ ਤੋਂ ਵੀਜ਼ਾ ਲੈ ਕੇ ਇੰਗਲੈਂਡ ਵਿਚ ਦਾਖਲ ਹੋਣ।

ਬਰਤਾਨਵੀ ਸੈਰਕਾਰ ਵਲੋਂ ਕਿਹਾ ਗਿਆ ਹੈ ਕਿ ਇਹ ਕਦਮ ਇਸ ਲਈ ਚੁਕਿਆ ਗਿਆ ਹੈ ਕਿ ਗੈਰ ਕਾਨੂੰਨੀ ਤੌਰ ਉਤੇ ਦਾਖਲ ਹੋਣ ਵਾਲੇ ਲੋਕਾਂ ਦੀ ਗਿਣਤੀ ਏਨੀ ਵਧ ਗਈ ਹੈ ਕਿ ਹੈਥਰੋ ਹਵਾਈ ਅੱਡੇ ਦਾ ਸਟਾਫ਼ ਸੰਭਾਲਣ ਤੋਂ ਅਸਮਰਥ ਹੈ। ਸੈਰ ਦੇ ਬਹਾਨੇ ਆਉਣ ਵਾਲੇ ਲੋਕਾਂ ਦੀ ਭਾਰੀ ਗਿਣਤੀ ਦਾ ਇਲਜ਼ਾਮ ਏਸ਼ੀਆ ਤੇ ਪੱਛਮੀ ਅਫ਼ਰੀਕਾ ਦੇ ਦੇਸ਼ਾਂ ਤੇ ਲਾਇਆ ਜਾ ਰਿਹਾ ਹੈ।

ਲੇਬਰ ਪਾਰਟੀ ਨੇ ਅਜਿਹੀ ਰੋਕ ਲਾਉਣ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਬਰਤਾਨਵੀ ਸਰਕਾਰ ਨਸਲਵਾਦੀ ਹੈ ਅਤੇ ਜਾਣਬੁਝ ਕੇ ਇਹ ਪਾਬੰਦੀਆਂ ਠੋਕ ਰਹੀ ਹੈ।

ਪਰ ਗ੍ਰਹਿ ਸਕੱਤਰ ਡਗਲਸ ਹਰਡ ਨੇ ਕਿਹਾ ਕਿ ਇਥੇ ਆ ਕੇ ਸੈਲਾਨੀ ਗੈਰ ਕਾਨੂੰਨੀ ਢੰਗ ਵਰਤਦੇ ਹਨ। ਇਸ ਨਾਲੋਂ ਚੰਗਾ ਹੈ ਕਿ ਵੀਜ਼ਾ ਲੈਣ ਤੋਂ ਪਹਿਲਾਂ ਉਨ੍ਹਾਂ ਲੋਕਾਂ ਦੀ ਪੂਰੀ ਪੜਤਾਲ ਕਰ ਲਈ ਜਾਵੇ।

ਲੇਬਰ ਪਾਰਟੀ ਦੇ ਇਕ ਆਗੂ ਕਾਫ਼ਮੈਲ ਨੇ ਕਿਹਾ ਕਿ ਬਰਤਾਨਵੀ ਨਸਲਵਾਦੀ ਟੋਰੀ ਸਰਕਾਰ ਦੱਖਣੀ ਅਫਰੀਕਾ ਦੇ ਚਿੱਟੇ ਲੋਕਾਂ ਨੂੰ ਇਥੇ ਲਿਆਉਣ ਲਈ ਇਹ ਕਦਮ ਚੁਕ ਰਹੀ ਹੈ। ਉਨ੍ਹਾਂ ਕਿਹਾ ਕਿ ਜੋ ਲੋਕ ਬਰਤਾਨਵੀ ਸ਼ਹਿਰੀ ਹਨ ਅਤੇ ਆਪਣੇ ਪ੍ਰਵਾਰਾਂ ਦੇ ਮੈਂਬਰਾਂ ਨੂੰ ਇਥੇ ਸੈਰ ਲਈ ਬੁਲਾਉਂਦੇ ਹਨ ਅਸਲ ਵਿਚ ਵੀਜ਼ਾ ਲਾ ਕੇ ਉਨ੍ਹਾਂ ਉਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ ਅਤੇ ਚਿੱਟੇ ਨਸਲਵਾਦੀ ਲੋਕਾਂ ਲਈ ਰਾਹ ਖੋਲ੍ਹਿਆ ਜਾ ਰਿਹਾ ਹੈ।

ਇਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਹੋ ਸਕਦਾ ਹੈ ਕਿ ਵੀਜ਼ੇ ਦੀ ਪਾਬੰਦੀ ਲਾਗੂ ਕਰਨ ਵਿਚ ਕੁਝ ਹਫਤੇ ਦਾ ਸਮਾਂ ਲਗ ਜਾਏ। ਉਨ੍ਹਾਂ ਕਿਹਾ ਕਿ ਇਹ ਵੀ ਹੋ ਸਕਦਾ ਹੈ ਕਿ ਕੁਝ ਲੋਕ ਇਸ ਸਮੇਂ ਦਾ ਨਜਾਇਜ਼ ਲਾਭ ਉਠਾਉਣ ਦੀ ਕੋਸ਼ਿਸ਼ ਕਰਨ। ਸਰਕਾਰੀ ਬੁਲਾਰੇ ਨੇ ਤਾੜਨਾ ਕੀਤੀ ਕਿ ਜੇ ਸੈਲਾਨੀਆਂ ਦਾ ਵਹਾ ਵਧ ਗਿਆ ਤਾਂ ਵੀਜ਼ੇ ਦੀ ਪਾਬੰਦੀ ਤੁਰਤ ਲਾਗੂ ਕਰ ਦਿਤੀ ਜਾਵੇਗੀ।

ਇਸ ਤੋਂ ਪਹਿਲਾਂ ਸ੍ਰੀ ਲੰਕਾ ਦੇ ਸ਼ਹਿਰੀਆਂ ਉਤੇ ਇਹ ਵੀਜ਼ੇ ਦੀ ਪਾਬੰਦੀ ਲਾਗੂ ਸੀ ਕਿਉਂਕਿ ਬਰਤਾਨਵੀ ਸਰਕਾਰ ਤਾਮਿਲਾਂ ਨੂੰ ਰੋਕਣ ਲਈ ਬਜ਼ਿਦ ਸੀ।

# ਤ੍ਰੀਪੁਰਾ ਵਿਚ 14 ਵਿਅਕਤੀ ਹਲਾਕ

ਅਗਰਤਲਾ — ਇਥੇ ਪੁਜੀਆਂ ਖਬਰਾਂ ਅਨੁਸਾਰ ਤ੍ਰੀਪੁਰਾ ਵਿਚ ਸਰਗਰਮ ਅਤਿਵਾਦੀਆਂ ਵਲੋਂ 14 ਵਿਅਕਤੀ ਹਲਾਕ ਕਰ ਦਿਤੇ ਗਏ ਹਨ। ਪਿਛਲੇ ਮਹੀਨਿਆਂ ਵਿਚ ਹੋਈਆਂ ਘਟਨਾਵਾਂ ਵਿਚ ਇਹ ਘਟਨਾ ਸਭ ਤੋਂ ਸੰਗੀਨ ਦੱਸੀ ਜਾਂਦੀ ਹੈ। ਤ੍ਰੀਪੁਰਾ ਸਰਕਾਰ ਨੇ ਅਤਿਵਾਦੀਆਂ ਨੂੰ ਚਿਤਾਵਨੀ ਦਿਤੀ ਹੈ ਕਿ ਜੇ ਇਹ ਕਾਰਵਾਈਆਂ ਬੰਦ ਨਾ ਕੀਤੀਆਂ ਗਈਆਂ ਤਾਂ ਸੂਬਾ ਸਰਕਾਰ ਸਖਤ ਕਦਮ ਚੁਕਣ ਲਈ ਮਜ਼ਬੂਰ ਹੋਵੇਗੀ।

# ਸ: ਕਪੂਰ ਸਿੰਘ ਦੇ ਸਰਕਾਰੀ ਸਨਮਾਨ ਨਾਲ ਸਸਕਾਰ ਨਾ ਕਰਨ ਦੀ ਅਲੋਚਨਾ

ਲੁਧਿਆਣਾ — ਸ਼ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਅਤੇ ਸਾਬਕਾ ਵਿਧਾਇਕ ਸ: ਜਗਦੇਵ ਸਿੰਘ ਜੱਸੋਵਾਲ ਨੇ ਪ੍ਰਮੁਖ ਸਿਖ ਵਿਦਵਾਨ ਤੇ ਸਾਬਕਾ ਪਾਰਲੀਮੈਂਟ ਮੈਂਬਰ ਸ: ਕਪੂਰ ਸਿੰਘ ਜਿਹਨਾਂ ਦੀ ਜਗਰਾਓਂ ਨੇੜੇ ਉਹਨਾਂ ਦੇ ਪਿੰਡ ਵਿਚ ਮੌਤ ਹੋ ਗਈ ਸੀ, ਦਾ ਸਰਕਾਰੀ ਸਨਮਾਨ ਨਾਲ ਸਸਕਾਰ ਨਾ ਕਰਨ ਦੀ ਸਖਤ ਅਲੋਚਨਾ ਤੇ ਨਿਖੇਧੀ ਕੀਤੀ ਹੈ। ਇਥੇ ਉਹਨਾਂ ਨੇ ਕਿਹਾ ਕਿ ਸਵਰਗਵਾਸੀ ਕਪੂਰ ਸਿੰਘ ਨਾ ਕੇਵਲ ਇਕ ਸਾਬਕਾ ਐਮ. ਪੀ. ਅਕਾਲੀ ਪਾਰਲੀਮਾਨੀ ਬੋਰਡ ਦੇ ਨੇਤਾ, ਸਾਬਕਾ ਆਈ. ਏ. ਐਸ. ਅਧਿਕਾਰੀ ਸਨ। ਸਗੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨੈਸ਼ਨਲ ਪ੍ਰੋ: ਆਫ ਸਿਖੀਜ਼ ਦੀ ਉਪਾਧੀ ਨਾਲ ਸਨਮਾਨਤ ਹੋਣ ਵਾਲੇ ਪਹਿਲੇ ਸਿੱਖ ਬੁਧੀਜੀਵੀ ਸਨ। ਸ: ਜੱਸੋਵਾਲ ਦੇ ਅਨੁਸਾਰ ਰਾਜ ਸਰਕਾਰ ਨੇ ਸ੍ਰੀ ਕਪੂਰ ਸਿੰਘ ਦਾ ਸਰਕਾਰੀ ਸਨਮਾਨ ਨਾਲ ਸਸਕਾਰ ਨਾ ਕਰਕੇ ਇਕ ਮਹਾਨ ਸਿੱਖ ਵਿਦਵਾਨ ਦਾ ਅਪਮਾਨ ਕੀਤਾ ਹੈ।


**ਇੰਮੀਗਰੇਸ਼ਨ ਕੌਂਸਲਿੰਗ ਇਨ ਕੁਨੈਲ, ਬੀ. ਸੀ.**

- ਪੱਕੇ ਤੌਰ ਉਤੇ ਰਹਿਣ ਲਈ
- ਅਡੌਪਟ ਕਰਨ ਲਈ
- ਘਰੇਲੂ ਕੰਮ ਲਈ ਪੱਕੇ ਤੌਰ ਉਤੇ ਕੈਨੇਡਾ ਵਿਚ ਮੰਗਵਾਉਣ ਲਈ
- ਨਵੀਂ ਪਾਲਿਸੀ ਅਨੁਸਾਰ ਇਕ ਸੌ ਖੁਲ੍ਹੇ ਆਕੂਪੇਸ਼ਨਜ਼
- ਅਸਿਸਟਿਡ ਰਿਸ਼ਤੇਦਾਰਾਂ ਦੀਆਂ ਅਰਜ਼ੀਆਂ
- ਅਪੀਲ ਬੋਰਡ ਦੇ ਮਾਮਲੇ (ਕੈਨੇਡਾ ਦੀ ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ)

**ਸਨਿਚਰਵਾਰ ਸਤੰਬਰ 6, 1986**
ਸਵੇਰੇ ਦਸ ਵਜੇ ਤੋਂ ਸਾਢੇ ਚਾਰ ਵਜੇ ਸ਼ਾਮ

**ਐਤਵਾਰ ਸਤੰਬਰ 7, 1986**
ਸਵੇਰੇ 10 ਵਜੇ ਤੋਂ 3 ਵਜੇ ਸ਼ਾਮ

**ਬਾਬੂ ਜਿਮ ਨਰਾਇਣ ਨੂੰ ਇਸ ਫੋਨ ਤੇ ਮਿਲੋ**

**992-8871**

**Babu Jim Narain**
**Immigration Advocate**
**James, Sue & Co.**

ਉਨ੍ਹਾਂ ਦਾ ਪਤਾ ਹੈ :
ਵੈਸਟਰਨ ਇਨ ਮੋਟਲ (Western Inn Motel)
136 - Malcolm St.
Quesnel, B.C.



ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473



# ROKKO SAREES & FABRICS

**6201 Fraser Street**
**VANCOUVER**
**Tel: 327-3033**




# ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

# ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਸੰਪਾਦਕੀ :

## ਗੁੱਟ-ਨਿਰਲੇਪ ਦੇਸ਼ਾਂ ਦੀ ਤਾਕਤ

ਇਸ ਸਮੇਂ ਅਫਰੀਕਾ ਦੇ ਮਹੱਤਤਪੂਰਨ ਦੇਸ਼ ਜ਼ਿੰਮਾਬਵੇ ਵਿਚ ਦੁਨੀਆਂ ਦੇ ਗੁੱਟ-ਨਿਰਲੇਪ ਦੇਸ਼ਾਂ ਦਾ ਇਕ ਸਿਖ ਸੰਮੇਲਨ ਹੋ ਰਿਹਾ ਹੈ ਜਿਸ ਵਿਚ ਭਾਰਤ ਤੋਂ ਬਿਨਾਂ ਦੁਨੀਆਂ ਦੇ 100 ਹੋਰ ਦੇਸ਼ ਸ਼ਾਮਲ ਹੋਏ ਹਨ। ਗੁੱਟ-ਨਿਰਲੇਪ ਦੇਸ਼ਾਂ ਦੀ ਇਸ ਸੰਸਥਾ ਦਾ ਮਹੱਤਵ ਇਸ ਕਰਕੇ ਵੀ ਵਧਦਾ ਹੈ ਕਿਉਂਕਿ ਇਸ ਦੀ ਹੋਂਦ ਦਾ ਆਧਾਰ ਭਾਰਤ ਵਰਗੇ ਦੇਸ਼ ਨੇ ਮਿਸਰ ਤੇ ਯੂਗੋਸਲਾਵੀਆ ਨਾਲ ਮਿਲਕੇ ਤਿਆਰ ਕੀਤਾ। ਲੰਡਨ ਵਿਚ ਹੋਏ ਸੱਤ ਦੇਸ਼ਾਂ ਦੇ ਸਿਖਰ ਸੰਮੇਲਨ ਵਿਚ ਦੱਖਣੀ ਅਫਰੀਕਾ ਦੇ ਮਤੇ ਉਤੇ ਬਰਤਾਨੀਆਂ ਨੂੰ ਨਸਲਵਾਦੀ ਸਰਕਾਰ ਦੇ ਮੱਦਦ ਕਰਨ ਲਈ ਝਾੜ ਪੁਆਉਣ ਵਾਲਾ ਕਦਮ ਵੀ ਭਾਰਤ ਨੇ ਹੀ ਚੁਕਿਆ। ਇਥੋਂ ਤੱਕ ਕਿ ਕੈਨੇਡਾ ਅਤੇ ਆਸਟਰੇਲੀਆ ਵਰਗੇ ਦੇਸ਼ ਵੀ ਭਾਰਤ ਦੀ ਪਹੁੰਚ ਦੀ ਪ੍ਰਸੰਸਾ ਕਰਨ ਲੱਗੇ।

ਇਸ ਸੰਮੇਲਨ ਵਿਚ ਕਿਊਬਾ ਦੇ ਪ੍ਰਧਾਨ ਮੰਤਰੀ ਕਾਸਟਰੋ, ਨਿਕਾਰਗਵਾ ਦੇ ਪ੍ਰਧਾਨ ਓਰਟੇਗਾ, ਲਿਬੀਆ ਦੇ ਪ੍ਰਧਾਨ ਗਦਾਫ਼ੀ ਆਦਿ ਦਾ ਸ਼ਾਮਲ ਹੋਣਾ ਇਹ ਵੀ ਜ਼ਾਹਰ ਕਰਦਾ ਹੈ ਕਿ ਇਕੱਲਾ ਬਰਤਾਨੀਆਂ ਹੀ ਨਸਲਵਾਦੀ ਸਰਕਾਰ ਦਾ ਸਮਰਥਕ ਨਹੀਂ ਸਗੋਂ ਅਮਰੀਕਨ ਸਰਕਾਰ ਵਿਰੁੱਧ ਉਪਰੋਕਤ ਤਿੰਨਾਂ ਅਹਿਮ ਲੀਡਰਾਂ ਦਾ ਉਥੇ ਪਹੁੰਚਣਾ ਅਮਰੀਕੀ ਸਾਮਰਾਜੀ ਸਰਕਾਰ ਦਾ ਭਾਂਡਾ ਵੀ ਚੁਰਾਹੇ ਭੰਨੇਗਾ। ਗੁੱਟ-ਨਿਰਲੇਪ ਦੇਸ਼ਾਂ ਦੇ ਮਹੱਤਵ ਨੂੰ ਅਮਰੀਕੀ ਪੱਖੀ ਮੀਡੀਆ ਹਮੇਸ਼ਾ ਘਟਾ ਕੇ ਦਰਸਾਉਣ ਵੱਲ ਰੁਚਿਤ ਰਹਿੰਦਾ ਹੈ ਪਰ ਯੂ. ਐਨ. ਓ. ਦੇ 160 ਮੁਲਕਾਂ ਵਿਚੋਂ 101 ਦੇਸ਼ਾਂ ਦੇ ਗੁੱਟ ਦਾ ਮਹੱਤਵ ਘਟਾ ਕੇ ਦੇਖਣਾ ਜਾਣਬੁਝ ਕੇ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹਣ ਵਾਲੀ ਗੱਲ ਹੈ। ਇਸ ਸੰਮੇਲਨ ਵਿਚ ਜਿਥੇ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਵਿਰੁੱਧ ਸਖਤ ਪਾਬੰਦੀਆਂ ਲਾਏ ਜਾਣ ਦੀ ਸੰਭਾਵਨਾ ਹੈ, ਉਥੇ ਨਿਕਾਰਗਵਾ ਵਿਰੁੱਧ ਅਮਰੀਕੀ ਸਰਕਾਰ ਵਲੋਂ ਚੁਕੇ ਗਏ ਕਦਮਾਂ ਦੀ ਨਿਖੇਧੀ ਹੋਣੀ ਲਾਜ਼ਮੀ ਹੈ।

ਦਹਿਸ਼ਤਪਸੰਦੀ ਦਾ ਇਲਜ਼ਾਮ ਲਿਬੀਆ ਉਤੇ ਠੋਸ ਕੇ ਅਮਰੀਕਨ ਸਾਮਰਾਜ ਆਪਣੀਆਂ ਕਰਤੂਤਾਂ ਉਤੇ ਪਰਦਾ ਪਾਉਣ ਦੀ ਕੋਸ਼ਿਸ਼ ਵਿਚ ਹੈ ਜਦ ਕਿ ਦੁਨੀਆਂ ਦੇ ਸਭ ਲੋਕਾਂ ਨੂੰ ਪਤਾ ਹੈ ਕਿ ਸੀ. ਆਈ. ਏ. ਵਰਗੀਆਂ ਏਜੰਸੀਆਂ ਰਾਹੀਂ ਦਹਿਸ਼ਤਗਰਦੀ ਅਮਰੀਕਾ ਆਪ ਫੈਲਾਉਂਦਾ ਹੈ।

ਅਜਿਹੇ ਹਾਲਾਤਾਂ ਵਿਚ ਗੁੱਟ ਨਿਰਲੇਪ ਦੇਸ਼ਾਂ ਦੀ ਸਾਂਝੀ ਕਾਰਵਾਈ ਜਿਥੇ ਬਰਤਾਨੀਆ ਨੂੰ ਦੱਖਣੀ ਅਫਰੀਕਾ ਦੀ ਸਰਕਾਰ ਬਾਰੇ ਆਪਣਾ ਨਜ਼ਰੀਆ ਬਦਲਣ ਲਈ ਮਜ਼ਬੂਰ ਕਰੇਗੀ ਉਥੇ ਅਮਰੀਕਾ ਦੀ ਸਰਕਾਰ ਦੀ ਵੀ ਖੁੰਬ ਠੱਪੀ ਜਾਵੇਗੀ।

---

ਧਰਤੀਏ ਨੀ ਪਟਰਾਣੀਏ, ਕੋਈ ਸੰਖ, ਮੁਨੀਰੇ, ਨਾਦ
ਅੱਖੀਆਂ ਵਿਚ ਪਰਦੇਸ, ਨਜ਼ਰ ਵਿਚ ਘੁਲ ਘੁਲ ਜਾਵੇ.
ਸਾਢੇ ਤਿੰਨ ਹੱਥ ਢਾਲ
ਏਸ ਢਾਲ ਦੀਆਂ ਕਿਆਂ ਬਾਤਾਂ ਨੇ
ਨੰਗ ਮੁਨੰਗੀਆਂ ਦਰਵੇਸ਼ਾਂ ਦੀਆਂ ਰਾਤਾਂ ਨੇ
ਰੂਹਾਂ ਤੇ ਰਾਤਾਂ ਦੇ ਸਗਵੇਂ ਤੋਲ ਵੇ ਲੋਕਾ
ਕਹਿਰ ਕਹਿਰ ਦੇ ਬੋਲ ਵੇ ਲੋਕਾ
ਠਹਿਰ ਠਹਿਰ ਕੇ ਬੋਲ
ਠਹਿਰ ਠਹਿਰ ਕੇ ਬੋਲ ਵੇ ਲੋਕਾ
ਪਹਿਰ ਪਹਿਰ ਦੇ ਬੋਲ
ਏਸ ਪਹਿਰ 'ਚੋਂ ਸੌ ਰਾਤਾਂ ਨੇ
ਸੌ ਬਾਤਾਂ ਨੇ
ਸੌ ਰਾਤਾਂ ਦੀਆਂ
ਸੌ ਬਾਤਾਂ ਨੇ
ਕਹਿਰ ਕਹਿਰ ਦੇ ਬੋਲ।

ਸ਼ਹਰਯਾਰ

# ਹੁਣ ਚੰਡੀਗੜ੍ਹ ਪੰਜਾਬ ਨੂੰ ਕਦੋਂ ਮਿਲੇਗਾ?

ਪ੍ਰੋ: ਮਨਜੀਤ ਸਿੰਘ



ਪੰਜਾਬ ਵਿਧਾਨ ਸਭਾ ਭਵਨ ਦਾ ਇਕ ਦ੍ਰਿਸ਼

ਪੰਜਾਬੀ ਦਾ ਪ੍ਰਸਿੱਧ ਅਖਾਣ ਹੈ 'ਕਾਬਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਪਰ ਜੇ ਇਸ ਅਖੌਤ ਨੂੰ ਇਸ ਤਰ੍ਹਾਂ ਲੈ ਲਿਆ ਜਾਵੇ ਕਿ 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਤਾਂ ਕੋਈ ਅਤਕਥਨੀ ਨਹੀਂ ਹੋਵੇਗੀ। ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਕੀ ਅਤੇ ਬਾਅਦ ਕੀ ਸਿੱਖਾਂ ਦੇ ਹਿਸੇ ਕੁਰਬਾਨੀਆਂ ਹੀ ਆਈਆਂ ਹਨ ਆਜ਼ਾਦੀ ਦੀ ਲੜਾਈ ਵਿਚ 75 ਫੀਸਦੀ ਤੋਂ ਵੀ ਜ਼ਿਆਦਾ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ। ਦੇਸ਼ ਆਜ਼ਾਦ ਕਰਾਉਣ ਲਈ ਫਾਂਸੀ ਦੇ ਰੱਸੇ ਚੁੰਮੇ, ਖੂਨ ਡੋਲ੍ਹਿਆ, ਲੰਬੀਆਂ ਕੈਦਾਂ ਕੱਟੀਆਂ, ਤਸੀਹੇ ਸਹੇ ਤਾਂ ਕਿ ਭਾਰਤ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣ। ਪਰ ਆਜ਼ਾਦ ਭਾਰਤ ਵਿਚ ਇਹਨਾਂ ਕੁਰਬਾਨੀਆਂ ਦੀ ਕੋਈ ਕਦਰ ਨਾ ਪਈ। ਸਿੱਖ ਪੰਥ ਦੇ ਨਿਧੜਕ ਲੀਡਰ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਨੇ ਜਦੋਂ ਲਾਹੌਰ ਵਿਚ ਮੁਸਲਿਮਲੀਗ ਦਾ ਝੰਡਾ ਪਾੜਿਆ ਤਾਂ ਸਾਰਾ ਹਿੰਦੁਸਤਾਨ ਮਾਸਟਰ ਜੀ ਦੀ ਦੇਸ਼ ਭਗਤੀ ਤੇ ਅਸ਼ ਅਸ਼ ਕਰ ਉਠਿਆ। ਅਖਬਾਰਾਂ ਵਿਚ ਮਾਸਟਰ ਜੀ ਦੇ ਲਾਈਫ ਸਾਈਜ਼ ਦੇ ਚਿੱਤਰ ਛਪੇ। ਪਰ ਦੇਸ਼ ਆਜ਼ਾਦ ਹੋਣ ਤੋਂ ਬਾਅਦ ਇਸ ਤਰ੍ਹਾਂ ਜਾਪਣ ਲੱਗਾ ਜਿਵੇਂ ਸਿੱਖ ਕੌਮ ਦੀ ਸਾਰੀ ਦੇਸ਼ ਭਗਤੀ ਤੇ ਪਾਣੀ ਫਿਰ ਗਿਆ ਹੋਵੇ। ਅਪ੍ਰੈਲ 1946 ਵਿਚ ਕਲਕੱਤਾ ਕਾਨਫਰੰਸ ਵਿਚ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਨੇ ਜੋ ਸ਼ਬਦ ਕਹੇ ਸਨ 'ਕਿ ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਇਕ ਐਸਾ ਖਿਤਾ ਦਿਤਾ ਜਾਏਗਾ ਜਿਸ ਵਿਚ ਇਹ ਆਜ਼ਾਦੀ ਦਾ ਸੁਖ ਮਾਣ ਸਕਣਗੇ' ਉਹਨਾ ਲਫਜ਼ਾਂ ਨੂੰ ਅਖੋਂ ਉਹਲੇ ਕਰ ਦਿਤਾ ਗਿਆ।

ਪਤਾ ਨਹੀਂ ਜਾਂ ਤਾਂ ਅੱਜ ਤੱਕ ਕੇਂਦਰ ਪੰਜਾਬ ਸਮੱਸਿਆ ਨੂੰ ਸਮਝ ਨਹੀਂ ਸਕਿਆ ਤੇ ਜਾਂ ਫਿਰ ਜਾਣ ਬੁਝ ਕੇ ਸਿੱਖ ਕੌਮ ਨੂੰ ਜਦੋ-ਜਹਿਦ ਵਿਚ ਪਾਈ ਰੱਖਣ ਦੀ ਨੀਤੀ ਤੇ ਚਲ ਰਿਹਾ ਹੈ। ਚੰਡੀਗੜ੍ਹ ਦਾ ਮਸਲਾ ਪੰਜਾਬੀ ਸੂਬੇ ਦੇ ਹੋਂਦ ਵਿਚ ਆਉਣ ਵੇਲੇ ਸ਼ੁਰੂ ਹੋਇਆ। ਇਸ ਲਈ ਸੂਬਿਆਂ ਦੀ ਗੱਲ ਕਰਨੀ ਜ਼ਰੂਰੀ ਸਮਝਦਾ ਹਾਂ। ਬੋਲੀ ਦੇ ਆਧਾਂਰ ਤੇ ਸਾਰੇ ਦੇਸ਼ ਵਿਚ ਸੂਬੇ ਬਣਾਏ ਗਏ ਤਾਮਿਲਨਾਡੂ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਗੁਜਰਾਤ, ਉੜੀਸਾ, ਕੇਰਲ ਆਦਿ। ਪਰ ਪੰਜਾਬੀਆਂ ਦੀ ਮੰਗ ਵੱਲ ਕੋਈ ਧਿਆਨ ਨਾ ਦਿਤਾ ਗਿਆ ਜਿਸ ਵਾਸਤੇ ਬਾਅਦ ਵਿਚ ਸਿੱਖਾਂ ਨੂੰ ਮੋਰਚਾ ਲਾਉਣਾ ਪਿਆ। ਇਥੇ ਇਹ ਗੱਲ ਦੱਸਣੀ ਵਾਜਬ ਸਮਝਦਾ ਹਾਂ ਕਿ ਸਿੱਖਾਂ ਦੀ ਦੇਸ਼ ਭਗਤੀ ਉਤੇ ਕਿਸੇ ਨੂੰ ਸ਼ੱਕ ਨਹੀਂ ਹੋਣਾ ਚਾਹੀਦਾ। 1965 ਵਿਚ ਸੰਤ ਫਤਹਿ ਸਿੰਘ ਦੀ ਅਗਵਾਈ ਵਿਚ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਮੋਰਚਾ ਚਲ ਰਿਹਾ ਸੀ। 6 ਸਤੰਬਰ 1965 ਨੂੰ ਪਾਕਿਸਤਾਨ ਨੇ ਭਾਰਤ ਉਤੇ ਹਮਲਾ ਕਰ ਦਿਤਾ। ਅਕਾਲੀ ਦਲ ਨੇ ਉਸੇ ਵਕਤ ਮੋਰਚਾ ਵਾਪਸ ਲੈ ਲਿਆ ਕੌਮੀ ਹਿੱਤਾਂ ਨੂੰ ਤਰਜੀਹ ਦੇ ਕੇ ਬਾਰਡਰ ਉਤੇ ਫੌਜੀ ਜਵਾਨਾਂ ਦੀ ਇਤਨੀ ਮੱਦਦ ਕੀਤੀ ਕਿ ਪਾਕਿਸਤਾਨ ਨੂੰ ਕਈ ਹਜ਼ਾਰ ਏਕੜ ਰਕਬਾ ਛੱਡਣਾ ਪਿਆ ਤੇ ਮੂੰਹ ਦੀ ਖਾਧੀ। ਖੈਰ 1966 ਵਿਚ ਭਾਰਤ ਦੀ ਪ੍ਰਧਾਨ ਮੰਤਰੀ ਨੇ ਪੰਜਾਬੀ ਸੂਬਾ ਬਨਾਉਣ ਦਾ ਐਲਾਨ ਕਰ ਦਿਤਾ ਤੇ ਨਾਲ ਹੀ ਇਹ ਕਿਹਾ ਕਿ ਚੰਡੀਗੜ੍ਹ ਪੰਜ ਸਾਲ ਬਾਅਦ ਪੰਜਾਬ ਨੂੰ ਦੇ ਦਿਤਾ ਜਾਏਗਾ। 1966 ਵਿਚ ਪਹਿਲੀ ਵਾਰ ਚੰਡੀਗੜ੍ਹ ਪੰਜਾਬ ਦੇ ਹੱਥੋਂ ਖੁਸਿਆ। ਜੇ ਕੇਂਦਰ ਨੇ ਚੰਡੀਗੜ੍ਹ ਪੰਜਾਬ ਨੂੰ ਦੇਣਾ ਹੁੰਦਾ ਤਾਂ ਉਸ ਵਕਤ ਹੀ ਦੇ ਦਿੰਦਾ। ਪੰਜਾਬੀ ਸੂਬੇ ਦੇ ਐਲਾਨ ਹੋਣ ਉਤੇ ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਇਕ ਫਿਰਕੇ ਦੇ ਲੋਕਾਂ ਵਲੋਂ ਲੁਟਮਾਰ ਕੀਤੀ ਗਈ, ਸਿੱਖਾਂ ਦੀਆਂ ਦੁਕਾਨਾਂ ਸਾੜੀਆਂ ਗਈਆਂ ਅਤੇ ਕਈ ਤਰ੍ਹਾਂ ਦਾ ਸ਼ੋਰ ਸ਼ਰਾਬਾ ਕੀਤਾ ਗਿਆ। ਪੰਜਾਬ ਦੇ ਕੁਝ ਆਰੀਆ ਸਮਾਜੀ ਤੇ ਹੋਰ ਹਿੰਦੂ ਵੀਰ ਉਸ ਵਕਤ ਦੇ ਹੋਮ ਮਨਿਸਟਰ ਸ੍ਰੀ ਗੁਲਜਾਰੀ ਲਾਲ ਨੰਦਾ ਕੋਲ ਜਾ ਕੇ ਆਪਣਾ ਰੋਣਾ ਰੋਏ। ਨਤੀਜਾ ਇਹ ਹੋਇਆ ਕਿ ਨੰਦਾ ਸਾਹਿਬ ਨੇ ਐਸਾ ਪੰਜਾਬੀ ਸੂਬਾ ਦਿਤਾ ਜਿਸ ਨਾਲ ਅਨੇਕਾਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਕੱਢ ਦਿਤੇ। ਕੁਝ ਹਰਿਆਣਾ ਵਿਚ ਤੇ ਕੁਝ ਹਿਮਾਚਲ ਵਿਚ ਰਹਿਣ ਦਿਤੇ। ਇਥੋਂ ਤੱਕ ਕਿ ਜੇ ਪੰਜਾਬ ਵਿਚ ਹੀ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਤੱਕ ਜਾਣਾ ਹੋਵੇ ਤਾਂ ਵੀ ਇਕ ਹੋਰ ਰਾਜ ਰਸਤੇ ਵਿਚ ਪਵੇ। ਅੱਜ ਜਦੋਂ ਅਸੀਂ ਜਲੰਧਰ ਤੋਂ ਪਠਾਨਕੋਟ ਜਾਂਦੇ ਹਾਂ ਤਾਂ ਰਸਤੇ ਵਿਚ ਡਮਟਾਲ ਦੇ ਨੇੜੇ ਹਿਮਾਚਲ ਦੇ ਟੋਟੇ ਵਿਚੋਂ ਲੰਘਣਾ ਪੈਂਦਾ ਹੈ।

ਪ੍ਰਧਾਨ ਮੰਤਰੀ ਦੇ ਐਲਾਨ ਮੁਤਾਬਕ 1971 ਵਿਚ ਚੰਡੀਗੜ੍ਹ ਬਗੈਰ ਕਿਸੇ ਕੰਡੀਸ਼ਨ ਦੇ ਪੰਜਾਬ ਨੂੰ ਮਿਲਣਾ ਸੀ। 1970 ਵਿਚ ਇਸ ਦੀ ਪ੍ਰਾਪਤੀ ਲਈ ਮੋਰਚਾ ਚਲ ਰਿਹਾ ਸੀ। ਜਦੋਂ ਸੰਤ ਫਤਹਿ ਸਿੰਘ ਨੇ ਸ੍ਰੀ ਅਕਾਲ ਤਖਤ ਦੇ ਉਪਰ ਹਵਨ ਕੁੰਡ ਵਿਚ ਸੜ ਮਰਨ ਦੀ ਧਮਕੀ ਦਿਤੀ ਸੀ ਉਸ ਵੇਲੇ ਕੇਂਦਰ ਵਲੋਂ ਅਕਾਲੀ ਦਲ ਨੂੰ ਗੱਲਬਾਤ ਕਰਨ ਲਈ ਸੱਦਾ ਦਿਤਾ ਗਿਆ। ਸ: ਗੁਰਨਾਮ ਸਿੰਘ ਦਿੱਲੀ ਪੁਜੇ। ਸਰਦਾਰ ਸਾਹਿਬ ਚੰਡੀਗੜ੍ਹ ਦੀ ਹਾਂ ਤਾਂ ਕਰਵਾ ਆਏ ਪਰ ਨਾਲ ਹੀ ਅਬੋਹਰ ਅਤੇ ਫਾਜ਼ਿਲਕਾ ਦੇਣਾ ਮੰਨ ਆਏ। ਅਕਾਲੀ ਦਲ ਨੇ ਉਸੇ ਵੇਲੇ ਹੀ ਇਹ ਸਮਝੌਤਾ ਰੱਦ ਕਰ ਦਿੱਤਾ ਤੇ ਚੰਡੀਗੜ੍ਹ ਦਾ ਮਸਲਾ ਜਿਉਂ ਦਾ ਤਿਉਂ ਹੀ ਰਿਹਾ।

ਸਿੱਖਾਂ ਨੇ ਜਦੋਂ ਵੀ ਮੋਰਚਾ ਲਾਇਆ ਹੈ, ਸਮੁੱਚੇ ਪੰਜਾਬ ਦੇ ਹੱਕਾਂ ਲਈ ਲਾਇਆ ਹੈ, ਸਿਰਫ ਆਪਣੇ ਲਈ ਨਹੀਂ। ਪਰ ਅੱਜ ਤੱਕ ਜੋ ਕੁਝ ਸਿੱਖਾਂ ਨੇ ਪੰਜਾਬ ਲਈ ਪ੍ਰਾਪਤ ਕੀਤਾ ਹੈ, ਉਹ ਜੱਦੋ-ਜਹਿਦ ਰਾਹੀਂ ਕੀਤਾ ਹੈ। ਸਿੱਧੇ ਹੱਥੀਂ ਕੁਝ ਵੀ ਨਹੀਂ ਲੱਭਾ। ਪੰਜਾਬ ਨਾਲ ਜੋ ਬੇਇਨਸਾਫੀਆਂ ਹੋਈਆਂ ਸਨ ਅਤੇ ਇਸ ਰਾਜ ਨੂੰ ਜਿਹੜੇ ਹੱਕਾਂ ਤੋਂ ਵਾਂਝਿਆਂ ਰਖਿਆ ਗਿਆ ਸੀ, ਉਹਨਾਂ ਦੀ ਪ੍ਰਾਪਤੀ ਲਈ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਵਲੋਂ ਇਕ ਵਾਰ ਫਿਰ ਧਰਮ ਯੁੱਧ ਮੋਰਚਾ ਲਗਾ ਦਿਤਾ ਗਿਆ। ਤਕਰੀਬਨ 275000 ਸਿੱਖਾਂ ਤੇ ਹੋਰ ਪੰਜਾਬੀਆਂ ਨੇ ਇਸ ਮੋਰਚੇ ਵਿਚ ਜੇਲ੍ਹ ਯਾਤਰਾ ਕੀਤੀ। ਕੇਂਦਰ ਨੇ ਪੰਜਾਬ ਮਸਲੇ ਦੇ ਹੱਲ ਲਈ ਤਿੰਨ ਧਿਰੀ ਵਾਰਤਾ ਆਰੰਭੀ। ਅਕਾਲੀ ਦਲ ਨਾਲ ਇਸ ਮਸਲੇ ਉਤੇ ਕਈ ਮੀਟਿੰਗਾਂ ਕੀਤੀਆਂ ਗਈਆਂ। ਚੌਦਵੀਂ ਅਤੇ ਅਖੀਰਲੀ ਮੀਟਿੰਗ ਵਿਚ ਇਹ ਫੈਸਲਾ ਤਕਰੀਬਨ ਹੋ ਗਿਆ ਸੀ ਕਿ ਰੋਪੜ ਦੇ ਇਲਾਕੇ ਦੇ 14 ਜਾ 17 ਪਿੰਡ ਹਰਿਆਣੇ ਨੂੰ ਦੇ ਦਿਤੇ ਜਾਣਗੇ ਅਤੇ ਚੰਡੀਗੜ੍ਹ ਪੰਜਾਬ ਨੂੰ ਦੇ ਦਿਤਾ ਜਾਏਗਾ। ਪਰ ਕੇਂਦਰ ਦਾ ਕਿਸੇ ਕੀਮਤ ਤੇ ਚੰਡੀਗੜ੍ਹ ਨੂੰ ਛੱਡਣਾ ਔਖਾ ਜਾਪਦਾ ਸੀ। ਇਸ ਲਈ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਇਹ ਸਮਝੌਤਾ ਨਾ-ਮਨਜ਼ੂਰ ਕਰ ਦਿਤਾ। ਇਸ ਤਰ੍ਹਾ ਹਰਿਆਣਾ ਦੇ ਰਾਜੀ ਹੋ ਜਾਣ ਦੇ ਬਾਵਜੂਦ ਵੀ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਿਆ।

ਸੱਤਵੀਆਂ ਆਮ ਚੋਣਾਂ ਜੋ ਕਿ 1985 ਵਿਚ ਹੋਈਆਂ ਸਨ ਉਹਨਾਂ ਤੋਂ ਪਹਿਲਾਂ ਕਿਸੇ ਵੀ ਸਮਝੌਤੇ ਦੀ ਆਸ ਨਹੀਂ ਸੀ। ਇਕ ਵਾਰ ਕਾਂਗਰਸ ਦੀ ਇਹ ਯੋਜਨਾ ਸੀ ਕਿ ਵੋਟਾਂ ਘੱਟ ਗਿਣਤੀ ਦੇ ਲੋਕਾਂ ਦੀ ਬਜਾਏ ਬਹੁ ਗਿਣਤੀ ਦੇ ਲੋਕਾਂ ਤੋਂ ਪ੍ਰਾਪਤ ਕਰਨੀਆਂ ਹਨ। ਇਧਰ ਮੋਰਚਾ ਜ਼ੋਰ ਫੜਦਾ ਜਾ ਰਿਹਾ ਸੀ ਜਿਸ ਦੇ ਫੇਲ੍ਹ ਹੋਣ ਦਾ ਕੋਈ ਸੰਕੇਤ ਨਹੀਂ ਸੀ। ਪੰਜਾਬ ਦੇ ਹਾਲਾਤ ਪੇਚੀਦਾ ਹੋ ਗਏ ਤੇ ਨਤੀਜਾ ਸੀ ਉਪਰੇਸ਼ਨ ਬਲਿਊ ਸਟਾਰ ਜਿਸ ਵਿਚ ਅਨੇਕਾਂ ਅਨਮੋਲ ਜਿੰਦਾਂ ਸਦਾ ਦੀ ਨੀਂਦ ਸੌਂ ਗਈਆਂ। 24 ਜੁਲਾਈ 1985 ਨੂੰ ਪੰਜਾਬ ਸਮਝੌਤਾ ਹੋਇਆ, ਜਿਸ ਉਤੇ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਅਕਾਲੀ ਦਲ ਅਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਦਸਤਖਤ ਕੀਤੇ। ਇਸ ਸਮਝੌਤੇ ਮੁਤਾਬਕ ਮੈਥਿਊ ਕਮਿਸ਼ਨ ਕਾਇਮ ਕੀਤਾ ਗਿਆ ਤੇ ਨਾਲ ਹੀ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਤਰੀਕ 26 ਜਨਵਰੀ 1986 ਮਿਥੀ ਗਈ। ਸਾਨੂੰ ਇਸ ਭੁਲੇਖੇ ਵਿਚ ਨਹੀਂ

ਬਾਕੀ ਪੰਨਾ 5 ਉਤੇ

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters

For help contact :
**BABU JIM NARAIN** of James, Sue & Company who was 18 years of experience on Immigration and Citizenship matters with top Immigration Lawyers.

**ਸਪੈਸ਼ਲ ਅਨਾਊਂਸਮੈਂਟ**
ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

**Evening Office :**
433-4685

#210 - 535 W. 10th Ave. Vancouver, B.C.  **Tel: Off. 873-9441**

# ਅਤਿਵਾਦੀ ਕੌਣ?

**ਸੁਰਜੀਤ ਸਿੰਘ ਗਿੱਲ**

ਪਿਛਲੇ 39 ਸਾਲਾਂ ਤੋਂ ਭਾਰਤ ਦੀ ਆਜ਼ਾਦੀ ਦਾ ਦਿਨ ਹਰ ਸਾਲ 15 ਅਗਸਤ ਨੂੰ ਮਨਾਇਆ ਜਾਂਦਾ ਹੈ ਅਤੇ ਇਸਦੇ ਸਬੰਧ ਵਿਚ ਵਿਸ਼ੇਸ਼ ਸਮਾਗਮ ਦਿੱਲੀ ਵਿਚ ਲਾਲ ਕਿਲੇ ਦੇ ਸਾਹਮਣੇ ਹੁੰਦਾ ਹੈ ਅਤੇ ਲਾਲ ਕਿਲੇ ਦੇ ਮੁਖ ਗੇਟ ਦੇ ਉਤੋਂ ਹਰ ਸਾਲ ਭਾਰਤ ਦਾ ਪ੍ਰਧਾਨ ਮੰਤਰੀ ਆਪਣੇ ਦੇਸ਼ ਦੇ ਲੋਕਾਂ ਨੂੰ ਨਵੇਂ ਸਾਲ ਲਈ ਸਦਭਾਵਨਾ ਦਾ ਸੁਨੇਹਾ ਦਿੰਦਾ ਆ ਰਿਹਾ ਹੈ। 1986 ਦਾ ਇਹ ਵਿਸ਼ੇਸ਼ ਸਮਾਗਮ ਵੀ 15 ਅਗਸਤ ਨੂੰ ਦਿੱਲੀ ਦੇ ਇਤਿਹਾਸਕ ਲਾਲ ਕਿਲੇ ਦੇ ਸਾਹਮਣੇ ਹੋਇਆ। ਇਸ ਸਮਾਗਮ ਦੀ ਵਿਸ਼ੇਸ਼ ਗੱਲ ਜੋ ਪੜ੍ਹਨ ਅਤੇ ਸੁਣਨ ਵਿਚ ਆਈ ਹੈ ਉਹ ਇਹ ਹੈ ਕਿ ਭਾਰਤ (ਅਖੌਤੀ ਹਰਮਨ ਪਿਆਰੇ) ਪ੍ਰਧਾਨ ਮੰਤਰੀ ਨੇ ਲਾਲ ਕਿਲੇ ਦੇ ਮੁਖ ਗੇਟ ਦੇ ਉਪਰੋਂ ਹੈਲੀਕਾਪਟਰਾਂ ਦੀ ਸੁਰੱਖਿਆ ਥੱਲੇ, ਬੁਲਿਟ ਪਰੂਫ ਵੈਸਟ ਪਾ ਕੇ ਅਤੇ ਬੁਲਟ ਪਰੂਫ ਕੈਬਿਨ ਵਿਚ ਖੜੋ ਕੇ ਭਾਰਤ ਦੀ ਆਜ਼ਾਦੀ ਦੇ ਰਖਵਾਲਿਆਂ ਲਈ ਇਕ ਖਾਸ ਸੁਨੇਹਾ ਦਿਤਾ ਅਤੇ ਉਹ ਸੁਨੇਹਾ ਇਹ ਸੀ ਕਿ "ਅਤਿਵਾਦੀ ਸਿਖਾਂ ਨੂੰ ਸਖਤੀ ਨਾਲ ਖਤਮ ਕਰ ਦਿਤਾ ਜਾਵੇਗਾ" ਇਹ ਸੀ ਸਦਭਾਵਨਾਂ ਦਾ ਸੁਨੇਹਾ ਜੋ ਭਾਰਤ ਦੀ ਅਬਾਦੀ ਦੇ ਹਿਸਾਬ ਨਾਲ 2 ਪ੍ਰਤੀਸ਼ਤ ਦੀ ਘਟ ਗਿਣਤੀ ਪਰ ਭਾਰਤ ਲਈ ਕੁਰਬਾਨੀਆਂ ਦੇ ਹਿਸਾਬ ਨਾਲ 90 ਪ੍ਰਤੀਸ਼ਤ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਕੌਮ ਪ੍ਰਤੀ ਭਾਰਤ ਦੇ ਪ੍ਰਧਾਨ ਮੰਤਰੀ ਨੇ ਦਿਤਾ।

ਸੁਆਲ ਪੈਦਾ ਹੁੰਦਾ ਹੈ ਕਿ ਇਹ ਅਤਿਵਾਦੀ ਕੌਣ ਹਨ ਅਤੇ ਕਿਥੋਂ ਪੈਦਾ ਹੋਏ ਅਤੇ ਕਿਸਨੇ ਪੈਦਾ ਕੀਤੇ? ਦੂਸਰਾ ਸੁਆਲ ਹੈ ਕਿ ਕੀ ਅਤਿਵਾਦੀ ਕੇਵਲ ਸਿਖ ਹੀ ਹਨ ਜਾਂ ਕਿ ਹਿੰਦੂ ਅਤੇ ਭਾਰਤ ਵਿਚ ਹੋਰ ਧਰਮਾਂ ਦੇ ਲੋਕ ਵੀ ਅਤਿਵਾਦੀ ਹਨ?

ਅਤਿਵਾਦੀ ਜਾਂ ਵੱਖਵਾਦੀ ਸ਼ਬਦ ਪਿਛਲੇ ਕੁਝ ਸਾਲਾਂ ਤੋਂ ਹੀ ਜ਼ਿਆਦਾ ਸੁਣਨ ਵਿਚ ਆਇਆ ਹੈ। ਇਹ ਸ਼ਬਦ ਆਮ ਤੌਰ ਤੇ ਸਰਕਾਰ ਵਲੋਂ ਸਿਖ ਦੇਸ਼ ਭਗਤਾਂ ਜਾਂ ਸਿਖ ਕੌਮ ਤੋਂ ਜਾਨਾਂ ਨਿਸ਼ਾਵਰ ਕਰਨ ਵਾਲਿਆਂ ਸਬੰਧੀ ਵਰਤਿਆ ਜਾ ਰਿਹਾ ਹੈ।

ਜੇ ਮੰਨ ਲਿਆ ਜਾਵੇ ਕਿ ਉਹ ਨੌਜਵਾਨ ਜੋ ਸਿਖ ਕੌਮ ਦੇ ਵਕਾਰ ਲਈ ਆਪਣਾ ਸੀਸ ਤਲੀ ਤੇ ਧਰੀ ਫਿਰਦੇ ਹਨ ਉਹੀ (ਸਰਕਾਰੀ ਦਾਅਵੇ ਅਨੁਸਾਰ) ਅਤਿਵਾਦੀ ਹਨ ਤਾਂ ਦੇਖਣਾ ਪਵੇਗਾ ਕਿ ਇਹ ਅਤਿਵਾਦੀ ਕਿਥੋਂ ਆਏ।

ਕੀ ਇਹ ਉਹ ਲੋਕ ਹੀ ਤਾਂ ਨਹੀਂ ਜੋ ਪਿਛਲੇ 30-35 ਸਾਲਾਂ ਤੋਂ ਭਾਰਤ ਦੇ ਅਮਨ ਪਸੰਦ ਸ਼ਹਿਰੀ ਸਨ।

ਕੀ ਇਹ ਉਹ ਲੋਕ ਹੀ ਨਹੀਂ ਜਿਨ੍ਹਾਂ ਦੇ ਭਾਰਤ ਅਤੇ ਪਾਕਿਸਤਾਨ ਦੀਆਂ ਲੜਾਈਆਂ ਸਮੇਂ ਬਾਰਡਰ ਤੱਕ ਪਹੁੰਚ ਕੇ ਹਿੰਦੁਸਤਾਨ ਦੀਆਂ ਫੌਜਾਂ ਦੀ ਵਧ ਚੜ੍ਹ ਕੇ ਸਹਾਇਤਾ ਕੀਤੀ। ਕੀ ਇਹ ਉਹ ਲੋਕ ਹੀ ਤਾਂ ਨਹੀਂ ਜਿਨ੍ਹਾਂ ਨੇ ਪਿਛਲੇ 25-30 ਸਾਲਾਂ ਵਿਚ ਅਨਾਜ ਦੇ ਪਖੋਂ ਭਾਰਤ ਨੂੰ ਇਕ ਮੰਗਤੇ ਤੋਂ ਅਨਾਜ ਬਾਹਰ ਭੇਜਣ ਦੇ ਕਾਬਲ ਬਣਾ ਦਿਤਾ। ਕੀ ਉਹ ਲੋਕ ਹੀ ਤਾਂ ਨਹੀਂ ਜਿਨ੍ਹਾਂ ਨੇ ਬਾਹਰਲੇ ਦੇਸ਼ਾਂ ਵਿਚ ਜਾ ਕੇ ਹੱਡ ਭੰਨਵੀਂ ਮਿਹਨਤ ਕਰਕੇ ਭਾਰਤ ਨੂੰ Foreign Exchange ਦੇ ਪਖੋਂ ਮਜ਼ਬੂਤ ਕੀਤਾ। ਹਾਂ, ਅਸਲ ਵਿਚ ਇਹ ਉਹ ਲੋਕ ਹੀ ਹਨ ਜਿਨ੍ਹਾਂ ਨੂੰ ਅੱਜ ਭਾਰਤ ਦਾ ਅਕ੍ਰਿਤਘਣ ਪ੍ਰਧਾਨ ਮੰਤਰੀ ਅਤਿਵਾਦੀ ਸਿਖ ਕਹਿ ਰਿਹਾ ਹੈ।

ਜੇ ਮੰਨ ਲਿਆ ਜਾਵੇ ਕਿ ਸਿਖ ਜੋ ਦੋ ਸਾਲ ਪਹਿਲਾਂ ਤੱਕ ਭਾਰਤ ਦੇ ਅਮਨ ਪਸੰਦ ਸ਼ਹਿਰੀ ਸਨ ਅਜ ਉਹ ਅਤਿਵਾਦੀ ਜਾਂ ਵਖਵਾਦੀ ਹਨ ਤਾਂ ਦੇਖਣਾ ਪਵੇਗਾ ਕਿ ਉਹ ਅਤਿਵਾਦੀ ਕਿਉਂ ਬਣੇ।

ਪਿਛਲੇ 39 ਸਾਲ ਤੋਂ ਜੋ ਸਲੂਕ ਭਾਰਤ ਦੀ ਸਰਕਾਰ ਵਲੋਂ ਜਾਂ ਭਾਰਤ ਦੀ ਬਹੁਗਿਣਤੀ ਵਲੋਂ ਘੱਟ ਗਿਣਤੀ ਸਿਖਾਂ ਨਾਲ ਕੀਤਾ ਗਿਆ ਉਸਦੇ ਫਲ ਸਰੂਪ ਸਿਖਾਂ ਵਿਚ ਭਾਰਤ ਦੀ ਸਰਕਾਰ ਅਤੇ ਭਾਰਤ ਦੀ ਬਹੁਗਿਣਤੀ ਹਿੰਦੂ ਕੌਮੀ ਪ੍ਰਤੀ ਅਵਿਸ਼ਵਾਸ਼ ਦਾ ਮਾਦਾ ਪੈਦਾ ਹੋਣਾ ਜ਼ਰੂਰੀ ਸੀ। ਬਹੁਤ ਚਿਰ ਦੀ ਉਡੀਕ, ਬਹੁਤ ਸਬਰ ਅਤੇ ਸ਼ਾਂਤੀ ਤੋਂ ਬਾਦ ਸਿਖਾਂ ਨੇ ਆਪਣੇ ਮੁਢਲੇ ਹੱਕਾਂ ਦੀ ਮੰਗ ਸ਼ੁਰੂ ਕੀਤੀ ਕਿ ਉਨ੍ਹਾਂ ਨੂੰ ਵੀ ਭਾਰਤ ਵਿਚ ਰਹਿੰਦੇ ਹੋਏ ਆਜ਼ਾਦੀ ਮਾਨਣ ਦਾ ਹੱਕ ਦਿਤਾ ਜਾਵੇ ਅਤੇ ਉਨ੍ਹਾਂ ਨਾਲ ਵੀ ਭਾਰਤ ਦੇ ਬਾਕੀ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾਵੇ ਜਿਸ ਨਾਲ ਉਹ ਆਪਣੀ ਕਲਚਰ ਅਤੇ ਆਪਣਾ ਧਰਮ ਕਾਇਮ ਰਖ ਸਕਣ।

ਸਿਖਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਜੋ ਅਮਨ ਪਸੰਦ ਸਿਖ ਸ਼ਹਿਰੀਆਂ ਨਾਲ ਸਲੂਕ ਕੀਤਾ ਗਿਆ ਉਹ ਕਿਸੇ ਤੋਂ ਭੁਲਿਆ ਨਹੀਂ ਕਿਸ ਤਰ੍ਹਾਂ ਅਮਨਪਸੰਦ ਸਿਖ ਸ਼ਹਿਰੀਆਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕੀਤਾ ਗਿਆ। ਕਿਸ ਤਰ੍ਹਾਂ ਸਿਖਾਂ ਦੇ ਹਰਮਨ ਪਿਆਰੇ ਧਾਰਮਿਕ ਅਸਥਾਨਾਂ ਨੂੰ ਢਹਿ ਢੇਰੀ ਕੀਤਾ ਗਿਆ। ਕਿਸ ਤਰ੍ਹਾਂ ਸਿਖਾਂ ਦਾ ਧਾਰਮਿਕ ਅਤੇ ਇਤਿਹਾਸਕ ਵਿਰਸਾ ਤਬਾਹ ਕੀਤਾ ਗਿਆ। ਕਿਸ ਤਰ੍ਹਾਂ ਨਿਰਦੋਸ਼ ਸਿਖ ਨੌਜਵਾਨਾਂ ਨੂੰ ਘਰਾਂ ਤੋਂ ਫੜ ਕੇ ਉਨ੍ਹਾਂ ਦੀਆਂ ਹੀ ਪੱਗਾਂ ਨਾਲ ਹੱਥ ਪਿਛੇ ਬੰਨ੍ਹ ਕੇ ਗੋਲੀਆਂ ਦੇ ਨਿਸ਼ਾਨੇ ਬਣਾਇਆ ਗਿਆ। ਕਿਸ ਤਰ੍ਹਾਂ ਦਿੱਲੀ ਅਤੇ ਹੋਰ ਅਨੇਕਾਂ ਸ਼ਹਿਰਾਂ ਵਿਚ ਅਮਨ ਪਸੰਦ ਸਿਖ ਸ਼ਹਿਰੀਆਂ ਨੂੰ ਘਰਾਂ ਤੋਂ ਕੱਢ ਕੇ ਹਿੰਦੂ ਗੁੰਡਿਆਂ ਨੇ ਸਰਕਾਰ ਦੀ ਸਰਪ੍ਰਸਤੀ ਹੇਠ ਜ਼ਿੰਦੇ ਜਲਾ ਦਿਤਾ। ਕਿਸ ਤਰ੍ਹਾਂ ਸਰਕਾਰੀ ਗੁੰਡਿਆਂ ਨੇ ਸਿਖ ਬੀਬੀਆਂ ਦੀ ਬੇਪਤੀ ਕੀਤੀ। ਕਿਸ ਤਰ੍ਹਾਂ ਮਾਸੂਮ ਬੱਚਿਆਂ ਨੂੰ ਲੱਤਾਂ ਤੋਂ ਫੜਕੇ ਚੀਰਿਆ ਗਿਆ ਅਤੇ ਉਨ੍ਹਾਂ ਨੂੰ ਫਰਸ਼ ਤੇ ਪਟਕਾ ਕੇ ਮਾਰਿਆ ਗਿਆ। ਕੀ ਇਹ ਸਭ ਕੁਝ ਉਨ੍ਹਾਂ ਅਮਨ ਪਸੰਦ ਸਿਖ ਸ਼ਹਿਰੀਆਂ ਨੂੰ ਅਤਿਵਾਦੀ ਬਣਾਉਣ ਲਈ ਕਾਫੀ ਨਹੀਂ ਸੀ। ਜੇ ਸੀ, ਤਾਂ ਕੀ ਭਾਰਤ ਦੀ ਸਰਕਾਰ ਅਤਿਵਾਦੀ ਨਹੀਂ ਜਿਸ ਨੇ ਐਨਾ ਜ਼ੁਲਮ ਕੀਤਾ ਕਿ ਮਜ਼ਬੂਰ ਹੋਕੇ ਅਮਨ ਪਸੰਦ ਸ਼ਹਿਰੀ ਵੀ ਲਾਠੀ ਗੋਲੀ ਦੀ ਗੱਲ ਕਰਨ ਲਗ ਪਏ।

ਨਵੰਬਰ 1984 ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਦ ਦਿੱਲੀ ਅਤੇ ਹੋਰ ਅਨੇਕਾਂ ਸ਼ਹਿਰਾਂ ਵਿਚ ਸਰਕਾਰ ਦੀ ਸਰਪ੍ਰਸਤੀ ਹੇਠ ਸਿਖਾਂ ਦਾ ਕਤਲੇਆਮ ਕੀਤਾ ਗਿਆ ਅਤੇ ਸਿਖਾਂ ਦੀ ਕਰੋੜਾਂ ਰੁਪਏ ਦੀ ਜਾਇਦਾਦ ਹਿੰਦੂ(ਸਰਕਾਰੀ) ਗੁੰਡਿਆਂ ਨੇ ਤਬਾਹ ਕਰ ਦਿਤੀ। ਇਸ ਸਬੰਧ ਵਿਚ ਕਈ ਨਿਰਪੱਖ ਸਭਾ ਸੁਸਾਇਟੀਆਂ ਨੇ ਪੜਤਾਲ ਕੀਤੀ ਅਤੇ ਸਰਕਾਰੀ ਅਮਲੇ ਨੂੰ ਇਸ ਸਭ ਕੁਝ ਲਈ ਜ਼ਿੰਮੇਂਵਾਰ ਠਹਿਰਾਇਆ ਗਿਆ ਪਰ ਕੀ ਅਜ ਤੱਕ ਕਿਸੇ ਵਿਅਕਤੀ ਦੇ ਖਿਲਾਫ ਜੋ ਇਸ ਕਤਲੇਆਮ ਲਈ ਜ਼ਿੰਮੇਵਾਰ ਸਨ, ਕੋਈ ਐਕਸ਼ਨ ਲਿਆ ਗਿਆ। ਐਕਸ਼ਨ ਤਾਂ ਕੀ ਲੈਣਾ ਸੀ ਸਗੋਂ ਤਰੱਕੀਆਂ ਅਤੇ ਵਜ਼ੀਰੀਆਂ ਬਖਸ਼ ਦਿਤੀਆਂ ਗਈਆਂ। ਤਾਂਕਿ ਲੋੜ ਪੈਣ ਤੇ ਫੇਰ ਇਨ੍ਹਾਂ ਵਿਅਕਤੀਆਂ ਰਾਹੀਂ ਸਿਖ ਕੌਮ ਦਾ ਕਤਲੇਆਮ ਕਰਾਇਆ ਜਾ ਸਕੇ। ਮੈਂ ਨਿਰਦੋਸ਼ ਵਿਅਕਤੀ ਭਾਵੇਂ ਉਹ ਹਿੰਦੂ ਹੋਣ ਜਾਂ ਸਿੱਖ ਹੋਰ ਕੋਈ, ਉਨ੍ਹਾਂ ਦੇ ਕਤਲ ਦਾ ਕਦੇ ਵੀ ਹਾਮੀ ਨਹੀਂ ਅਤੇ ਇਸਦੀ ਨਿਖੇਧੀ ਕਰਦਾ ਹਾਂ ਪਰ ਜੇ ਹਿੰਦੂ ਕਾਤਲਾਂ ਨੂੰ ਸਰਕਾਰ ਦੀ ਸਰਪ੍ਰਸਤੀ ਹੋਵੇ ਅਤੇ ਨਿਰਦੋਸ਼ ਸਿਖਾਂ ਦਾ ਸ਼ਿਕਾਰ ਖੇਡਿਆ ਜਾ ਰਿਹਾ ਹੋਵੇ ਅਤੇ ਉਨ੍ਹਾਂ ਦੀ ਸਰਕਾਰੇ ਦਰਬਾਰੇ ਵੀ ਕੋਈ ਸੁਣਵਾਈ ਨਾ ਹੋਵੇ ਤਾਂ ਸਿਖਾਂ ਲਈ ਆਪਣੀ ਰਖਿਆ ਵਾਸਤੇ ਹਥਿਆਰ ਚੁਕਣ ਤੋਂ ਇਲਾਵਾ ਹੋਰ ਕੋਈ ਰਸਤਾ ਹੀ ਨਹੀਂ ਰਹਿ ਜਾਂਦਾ।

ਜੇ ਨਿਰਦੋਸ਼ ਹਿੰਦੂਆਂ ਦੇ ਕਾਤਲ ਸਿਖਾਂ ਦੇ ਭੇਸ ਵਿਚ ਅਤਿਵਾਦੀ ਹਨ ਤਾਂ ਸਿਖਾਂ ਦੇ ਕਾਤਲ ਹਿੰਦੂ ਅਤਿਵਾਦੀ ਕਿਉਂ ਨਹੀਂ। ਜੇ ਭਾਰਤ ਦੀ ਸਰਕਾਰ ਵਾਸਤੇ ਹਿੰਦੂ ਕਾਤਲਾਂ ਅਤੇ ਸਿਖ ਕਾਤਲਾਂ ਵਾਸਤੇ ਵਖਰੇ ਵਖਰੇ ਕਾਨੂੰਨ ਹਨ ਤਾਂ ਕੀ ਉਹ ਸਰਕਾਰ ਫਿਰਕਾਪ੍ਰਸਤ ਅਤੇ ਅਤਿਵਾਦੀ ਸਰਕਾਰ ਨਹੀਂ?

ਏਥੇ ਮੈਂ ਇਕ ਹੋਰ ਮਿਸਾਲ ਦੇਵਾਂਗਾ ਕਿ ਭਾਰਤ ਦੀ ਸਰਕਾਰ ਅਤੇ ਉਸਦੇ. ਇਸਦੇ ਕਰਮਚਾਰੀ ਫਿਰਕਾਪ੍ਰਸਤ, ਅਤਿਵਾਦੀ ਅਤੇ ਵਖਵਾਦੀ ਹਨ। ਵੈਨਕੂਵਰ ਵਿਚ ਭਾਰਤ ਦੀ ਸਰਕਾਰ ਦਾ ਨੁਮਾਇੰਦਾ Counslate General Mr. Sharma ਹੈ। ਮਿ. ਸ਼ਰਮਾ ਕਈ ਵਾਰੀ ਆਪਣੇ ਬਿਆਨਾਂ ਵਿਚ ਕਹਿ ਚੁਕਿਆ ਹੈ ਕਿ ਉਸਦੇ ਦਫਤਰ ਵਿਚੋਂ ਵੀਜ਼ੇ ਦੇ ਸਬੰਧ ਵਿਚ ਕਿਸੇ ਨਾਲ ਕੋਈ ਵਿਤਕਰਾ ਨਹੀਂ ਹੁੰਦਾ। ਮੇਰੇ ਮਾਤਾ ਪਿਤਾ ਅਤੇ ਮੇਰੀ ਧਰਮ ਸੁਪਤਨੀ ਦੇ ਮਾਤਾ ਪਿਤਾ ਪੰਜਾਬ ਵਿਚ ਰਹਿੰਦੇ ਹਨ ਅਤੇ ਉਹ ਕਾਫੀ ਬਿਰਧ ਹਨ। ਅਸੀਂ ਪਰੋਗਰਾਮ ਬਣਾਇਆ ਕਿ ਇਸ ਸਾਲ ਦੀਆਂ ਛੁਟੀਆਂ ਵਿਚ ਜਾ ਕੇ ਉਨ੍ਹਾਂ ਨੂੰ ਮਿਲਿਆ ਜਾਵੇ। ਮੈਂ 3 ਮਾਰਚ 1986 ਨੂੰ ਵੀਜ਼ੇ ਵਾਸਤੇ ਅਰਜ਼ੀ ਮਿ. ਸ਼ਰਮੇ ਦੇ ਦਫਤਰ ਵਿਚ ਜਾ ਕੇ ਦਿੱਤੀ। ਸਬੰਧਤ ਕਰਮਚਾਰੀ ਨੇ ਅਰਜ਼ੀ ਪੜ੍ਹੀ ਅਤੇ ਮੇਰਾ ਪਾਸਪੋਰਟ ਰੱਖ ਕੇ ਮੈਨੂੰ ਰਸੀਦ ਦੇ ਦਿਤੀ ਅਤੇ ਕਿਹਾ ਕਿ ਅੱਠ ਹਫਤੇ ਤੋਂ ਬਾਦ ਫੂਨ ਕਰਕੇ ਪਤਾ ਲੈ ਲਵੀਂ। ਮੈਂ ਛੁੱਟੀ ਮਨਜ਼ੂਰ ਕਰਵਾ ਲਈ ਅਤੇ 29 ਜੂਨ ਦੀ ਸੀਟ ਵੀ ਬੁਕ ਕਰਵਾ ਲਈ। ਅੱਠ ਹਫਤੇ ਬੀਤ ਜਾਣ ਤੋਂ ਬਾਦ ਮਈ ਦੇ ਪਹਿਲੇ ਹਫਤੇ ਵਿਚ ਮੈਂ ਮਿ. ਸ਼ਰਮੇ ਦੇ ਦਫਤਰ ਵਿਚੋਂ ਵੀਜ਼ੇ ਸਬੰਧੀ ਪੁਛਣਾ ਸ਼ੁਰੂ ਕੀਤਾ। ਹਰ ਵਾਰੀ ਮੈਨੂੰ ਇਹ ਹੀ ਜਵਾਬ ਮਿਲਿਆ ਕਿ ਤੇਰੇ ਪੇਪਰ ਅਜੇ ਦਿੱਲੀ ਤੋਂ ਨਹੀਂ ਆਏ ਆਖਰ ਜੂਨ ਦੇ ਤੀਸਰੇ ਹਫਤੇ ਵਿਚ ਮੈਨੂੰ ਇਕ ਰਜਿਸਟਰਡ ਲਫਾਫਾ ਮਿਲਿਆ ਜਿਸ ਵਿਚ ਮੇਰਾ ਪਾਸਪੋਰਟ ਸੀ। ਮੈਂ ਟੈਲੀਫੋਨ ਕਰਕੇ ਪੁਛਿਆ ਤਾਂ ਮਿ. ਸ਼ਰਮਾ ਦੇ ਦਫਤਰ ਤੋਂ ਜਵਾਬ ਮਿਲਿਆ ਕਿ ਜਦੋਂ ਤੇਰੇ ਪੇਪਰ ਦਿੱਲੀ ਤੋਂ ਆ ਗਏ ਤਾਂ ਪਾਸਪੋਰਟ ਫਿਰ ਮੰਗਵਾਂ ਲਵਾਂਗੇ। ਮਿ. ਸ਼ਰਮੇ ਦੇ ਦਫਤਰ ਮੁਤਾਬਕ ਨਾ ਮੇਰੇ ਪੇਪਰ ਹੁਣ ਤੱਕ ਦਿੱਲੀ ਤੋਂ ਆਏ, ਨਾ ਵੀਜ਼ਾ ਮਿਲਿਆ ਅਤੇ ਨਾ ਹੀ ਅਸੀਂ ਆਪਣੇ ਮਾਤਾ ਪਿਤਾ ਨੂੰ ਮਿਲਣ ਲਈ ਜਾ ਸਕੇ। ਅਕਾਲ ਪੁਰਖ ਦਾ ਭਾਣਾ ਜਦੋਂ ਅਸੀਂ ਪੰਜਾਬ ਵਿਚ ਹੋਣਾ ਸੀ ਭਾਵ 24 ਜੁਲਾਈ ਨੂੰ ਮੇਰੀ ਧਰਮ ਸੁਪਤਨੀ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਮਿ. ਸ਼ਰਮੇ ਦੀ ਪਖਪਾਤੀ ਅਤੇ ਅਤਿਵਾਦੀ ਪਾਲਸੀ ਦੇ ਕਾਰਨ ਅਸੀਂ ਉਨ੍ਹਾਂ ਦੇ ਅੰਤਮ ਦਰਸ਼ਨ ਵੀ ਨਾ ਕਰ ਸਕੇ ਭਾਰਤ ਤੋਂ ਭਰੋਸੇਯੋਗ ਵਸੀਲੇ ਰਾਹੀਂ ਮੈਨੂੰ ਇਹ ਵੀ ਪਤਾ ਲਗ ਗਿਆ ਹੈ ਕਿ ਮੇਰੇ ਪੇਪਰ ਦਿੱਲੀ ਤੋਂ ਕਾਫੀ ਸਮੇਂ ਦੇ ਆ ਚੁਕੇ ਹਨ ਅਤੇ ਉਨ੍ਹਾਂ ਨੇ ਵੀਜ਼ਾ ਦੇਣ ਦੀ ਪ੍ਰਵਾਨਗੀ ਦੇ ਦਿਤੀ ਸੀ ਪਰ ਮਿ. ਸ਼ਰਮਾ ਨਹੀਂ ਸੀ ਚਾਹੁੰਦਾ ਕਿ ਮੈਨੂੰ ਵੀਜ਼ਾ ਦਿਤਾ ਜਾਵੇ ਕਿਉਂਕਿ ਮੈਂ "ਸਤਨਾਮ ਟਰਸਟ" ਰਾਹੀਂ ਸਿਖੀ ਦੇ ਪ੍ਰਚਾਰ ਲਈ ਯਤਨ ਕਰ ਰਿਹਾਂ ਅਤੇ ਭਾਰਤ ਦੀ ਸਰਕਾਰ ਅਤੇ ਇਸਦੇ ਕਰਮਚਾਰੀ ਮਿ. ਸ਼ਰਮਾ ਨੂੰ ਇਹ ਬਿਲਕੁਲ ਨਹੀਂ ਭਾਉਂਦਾ ਕਿ ਕੋਈ ਆਦਮੀ ਸਿਖੀ ਦੀ ਚੜ੍ਹਦੀ ਕਲਾ ਲਈ ਕੰਮ ਕਰੇ। ਮੈਂ ਮਿ. ਸ਼ਰਮੇ ਤੋਂ ਇਹ ਪੁਛਣਾ ਚਾਹਾਂਗਾ ਕਿ ਮੇਰੇ ਖਿਲਾਫ ਕੀ ਜ਼ੁਰਮ ਹੈ ਕਿ ਮੈਨੂੰ ਵੀਜ਼ਾ ਨਹੀਂ ਦਿਤਾ ਗਿਆ। ਕੀ ਭਾਰਤ ਸਰਕਾਰ ਅਤੇ ਇਸਦੇ ਕਰਮਚਾਰੀ ਮਿ. ਸ਼ਰਮਾ ਦਾ ਇਹ ਵਤੀਰਾ ਅਮਨਪਸੰਦ ਸਿਖ ਸ਼ਹਿਰੀਆਂ ਨੂੰ ਅਤਿਵਾਦੀ ਬਣਾਉਣ ਲਈ ਜ਼ਿੰਮੇਂਵਾਰ ਨਹੀਂ। ਜੇ ਹੈ ਤਾਂ ਇਕੱਲੇ ਸਿਖ ਅਤਿਵਾਦੀਆਂ ਦਾ ਹੀ ਖਾਤਮਾ ਕਿਉਂ ਕੀਤਾ ਜਾਂਦਾ ਹੈ ਅਤੇ ਹਿੰਦੂ ਅਤਿਵਾਦੀਆਂ ਦੀ ਸਰਕਾਰ ਰਾਹੀਂ ਸਰਪ੍ਰਸਤੀ ਕਿਉਂ ਕੀਤੀ ਜਾਂਦੀ ਹੈ ਕੀ ਇਹ ਇਸ ਲਈ ਕੀਤਾ ਜਾਂਦਾ ਹੈ ਕਿ ਹਿੰਦੂ ਬਹੁਗਿਣਤੀ ਵਿਚ ਹਨ ਇਸ ਲਈ ਉਨ੍ਹਾਂ ਨੂੰ ਹੱਕ ਹਾਸਲ ਹੈ ਕਿ ਉਹ ਘੱਟ ਗਿਣਤੀ ਨੂੰ ਦਬਾ ਕੇ ਰੱਖਣ।

ਪੁਲਸ ਦਾ ਕੰਮ ਹੁੰਦਾ ਹੈ ਕਿ ਸ਼ਹਿਰੀਆਂ ਦੇ ਜਾਨ ਅਤੇ ਮਾਲ ਦੀ ਰਖਿਆ ਕਰਨੀ। ਅੱਜ ਹਿੰਦ ਦੀ ਸਰਕਾਰ ਨੂੰ ਪੰਜਾਬ ਪੁਲੀਸ ਤੇ ਯਕੀਨ ਨਹੀਂ ਰਿਹਾ ਅਤੇ ਪੰਜਾਬ ਵਿਚ ਥਾਂ ਥਾਂ ਤੇ C.R.P. ਬਿਠਾ ਦਿਤੀ ਹੈ। C.R.P. ਵਾਸਤੇ ਸਿਖਾਂ ਅਤੇ ਹਿੰਦੂਆਂ ਵਾਸਤੇ ਵਖਰੇ ਕਾਨੂੰਨ ਹਨ। ਜੇ ਹਿੰਦੂ ਗੁੰਡੇ ਕਿਸੇ ਸਿਖ ਦੇ ਘਰ ਤੇ ਹਮਲਾ ਕਰਦੇ ਹਨ ਅਤੇ ਅਗੋਂ ਸਿਖ ਆਪਦੀ ਰੱਖਿਆ ਲਈ ਕਿਰਪਾਨਾਂ ਲੈ ਕੇ ਬਾਹਰ ਆਉਂਦੇ ਹਨ ਤਾਂ ਸਿਖਾਂ ਨੂੰ ਫੜ ਲਿਆ ਜਾਂਦਾ ਹੈ ਅਤੇ ਹਮਲਾਆਵਰ ਹਿੰਦੂਆਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੁੰਦੀ। ਕੀ C.R.P. ਦੀ ਇਹ ਕਹਹ ਾਰਵਾਈ ਅਤਿਵਾਦੀ ਅਤੇ ਵਖਵਾਦੀ ਨਹੀਂ?

ਅੱਜ ਸਿੱਖਾਂ ਦੇ ਧਾਰਮਿਕ ਚਿੰਨ ਕਿਰਪਾਨਾਂ ਵੀ ਘਰਾਂ ਵਿਚੋਂ ਖੋਹੀਆਂ ਜਾ ਰਹੀਆਂ ਹਨ ਜਦੋਂ ਕਿ ਹਿੰਦੂਆਂ ਨੂੰ ਪੂਰਾ ਹੱਕ ਹੈ ਕਿ ਉਹ ਸ਼ਿਵ ਸੈਨਾ ਅਤੇ ਬਜ਼ਰੰਗ ਬਰਗੇਡ ਜੈਸੀਆਂ ਫਿਰਕੂ ਜਥੇਬੰਦੀਆਂ ਕਾਇਮ ਕਰ ਸਕਣ। ਅਤੇ ਉਹ ਤ੍ਰਿਸ਼ੂਲ ਰੱਖ ਸਕਣ ਜਿਸਨੂੰ ਹੁਣ ਉਹ ਆਪਣਾ ਧਾਰਮਿਕ ਚਿੰਨ੍ਹ ਦੱਸ ਰਹੇ ਹਨ ਜਦੋਂ ਕਿ ਅਸਲੀਅਤ ਇਹ ਹੈ ਹਿੰਦੂਆਂ ਦਾ ਧਾਰਮਿਕ ਚਿੰਨ੍ਹ ਕੇਵਲ ਜਨੇਊ ਹੀ ਹੈ ਅਤੇ ਤ੍ਰਿਸ਼ੂਲ ਕਦੇ ਵੀ ਉਨ੍ਹਾਂ ਦਾ ਧਾਰਮਿਕ ਚਿੰਨ੍ਹ ਨਹੀਂ ਰਿਹਾ।

ਅੰਤ ਵਿਚ ਮੈਂ ਭਾਰਤ ਦੇ ਪ੍ਰਧਾਨ ਮੰਤਰੀ ਮਿ: ਰਾਜੀਵ ਨੂੰ ਇਕ ਸੁਝਾਓ ਦੇਵਾਂਗਾ ਕਿ ਉਹ ਸਿਖ ਕੌਮ ਨੂੰ ਸਮਝਣ ਦੀ ਕੋਸ਼ਿਸ਼ ਕਰਨ। ਸਿਖ ਧਮਕੀਆਂ ਨਾਲ ਨਾ ਕਦੇ ਦਬਾਏ ਗਏ ਹਨ ਅਤੇ ਨਾ ਦਬਾਏ ਜਾਣਗੇ। ਸਿਖ ਜੇ ਕਦੇ ਦਬਾਏ ਜਾ ਸਕਦੇ ਹਨ ਤਾਂ ਉਹ ਪ੍ਰੇਮ ਅਤੇ ਸਦਭਾਵਨਾ ਨਾਲ। ਜੋ ਅੱਜ ਲੋੜ ਹੈ ਸਿਖ ਕੌਮ ਪ੍ਰਤੀ ਸਦਭਾਵਨਾ ਪੈਦਾ ਕਰਨ ਦੀ। ਅੱਜ ਲੋੜ ਹੈ ਸਿਖਾਂ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਮੰਨਣ ਦੀ ਅਤੇ ਜੋ ਮੰਗਾਂ ਮੰਨੀਆਂ ਜਾ ਚੁਕੀਆਂ ਹਨ ਉਨ੍ਹਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਦੀ ਤਾਂ ਕਿ ਸਿਖ ਨੌਜਵਾਨ ਜਿਨ੍ਹਾਂ ਨੂੰ ਅੱਜ ਅਤਿਵਾਦੀ ਕਿਹਾ ਜਾ ਰਿਹਾ ਹੈ ਉਹ ਮੁੜਕੇ ਅਮਨ ਪਸੰਦ ਸ਼ਹਿਰੀ ਬਣ ਸਕਣ।

ਪਰ ਹਾਂ, ਜੇ ਧਮਕੀਆਂ ਦੇਣੀਆਂ ਹੀ ਹਨ ਤਾਂ ਫਿਰ ਬੁਲਿਟ ਪਰੂਫ ਵੈਸਟ ਪਾ ਕੇ ਅਤੇ ਬੁਲਿਟ ਪਰੂਫ ਕੈਬਿਨ ਵਿਚ ਖੜੇ ਹੋ ਕੇ ਨਹੀਂ ਸਗੋਂ ਫਿਰ ਬਹਾਦਰਾਂ ਦੀ ਤਰ੍ਹਾਂ ਖੁਲੇ ਮੈਦਾਨ ਵਿਚ ਆ ਕੇ ਧਮਕੀ ਦੇਣੀ ਚਾਹੀਦੀ ਹੈ ਫਿਰ ਪਤਾ ਲਗ ਸਕੇਗਾ ਕਿ ਸਿਖਾਂ ਨੂੰ ਦਿਤੀ ਧਮਕੀ ਕਿਸ ਭਾ ਪੈਂਦੀ ਹੈ।

# ਬੋਲੀਵੀਆ ਵਿਚ ਐਮਰਜੈਂਸੀ

## ਖਾਣ ਮਜ਼ਦੂਰ ਹੜਤਾਲ 'ਤੇ

ਲਾ ਪਾਜ — ਬੋਲੀਵੀਆ ਜੋ ਇਕ ਮਧ-ਅਮਰੀਕੀ ਦੇਸ਼ ਹੈ ਜਿਥੇ ਕਾਫੀ ਸਮੇਂ ਤੋਂ ਡਿਕਟੇਟਰ ਜੁੰਡੀ ਦਾ ਰਾਜ ਹੈ ਵਿਚ ਸਰਕਾਰੀ ਖਾਣਾਂ ਦੇ ਮਜ਼ਦੂਰ ਉਸ ਸਮੇਂ ਹੜਤਾਲ ਤੇ ਚਲੇ ਗਏ ਜਦੋਂ ਫਾਸ਼ੀ ਸਰਕਾਰ ਨੇ 162 ਖਾਣ ਕਾਮਿਆਂ ਨੂੰ ਯੂਨੀਅਨ ਕਾਰਵਾਈਆਂ ਕਰਨ ਕਰਕੇ ਜੇਲ੍ਹਾਂ ਵਿਚ ਡੱਕ ਦਿਤਾ। ਇਹਨਾਂ ਜੇਲ੍ਹਾਂ ਵਿਚ ਡੱਕੇ ਕਾਮਿਆਂ ਵਿਚ ਬਹੁਤੇ ਮਜ਼ਦੂਰ ਨੇਤਾ ਅਤੇ ਮੁਖ ਵਿਰੋਧੀ ਧਿਰ ਦੇ ਰਾਜਨੀਤਕ ਲੀਡਰ ਹਨ। ਲਗਭਗ 20000 ਖਾਣ ਕਾਮਿਆਂ ਨੇ ਜੋ 23 ਸਰਕਾਰੀ ਖਾਣਾਂ ਵਿਚ ਕੰਮ ਕਰਦੇ ਸਨ ਕੰਮ ਛੱਡ ਦਿਤਾ। ਦੇਸ਼ ਵਿਚਲੀ ਬੋਲੀਵੀਆ ਲੇਬਰ ਫੈਡਰੇਸ਼ਨ ਦੇ ਜਨਰਲ ਸਕੱਤਰ ਨੇ ਹੜਤਾਲ ਦਾ ਸੱਦਾ ਉਸ ਸਮੇਂ ਦਿਤਾ ਜਦੋਂ ਇਕ ਖਾਣ ਦੇ ਸਾਰੇ ਦੇ ਸਾਰੇ 7000 ਖਾਣ ਕਾਮਿਆਂ ਨੂੰ ਕੰਮ ਤੋਂ ਹਟਾ ਦਿਤਾ ਸੀ ਇਸ ਤਰ੍ਹਾਂ ਸਾਰੀਆਂ ਖਾਣਾਂ ਦੇ ਮਜ਼ਦੂਰਾਂ ਕੰਮ ਛੱਡ ਦਿਤਾ ਤੇ ਹੁਣ ਬੋਲੀਵੀਆਂ ਦੀ ਫੌਜੀ ਜੁੰਡੀ ਨੇ ਦੇਸ਼ ਵਿਚ ਐਮਰਜੈਂਸੀ ਲਾ ਦਿਤੀ ਹੈ ਤੇ ਹੱਕ ਮੰਗਦੇ ਤੇ ਰੋਟੀ ਮੰਗਦੇ ਲੋਕਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਮਰੀਕਨ ਸਰਕਾਰ ਬੋਲੀਵੀਆ ਸਰਕਾਰ ਦੀ ਪੂਰੀ ਤਰ੍ਹਾਂ ਹਿਮਾਇਤ ਕਰ ਰਹੀ ਹੈ ਇਸ ਮਜ਼ਦੂਰ ਹੜਤਾਲ ਨੂੰ ਕੁਚਲਣ ਲਈ।

ਇਹ ਖਵਰੇ ਕਿਉਂ, ਕਿਧਰੋਂ, ਕਹਿਰ ਬਣ ਟੁਰਿਆ
ਬਲਿਆ ਮੇਰੇ ਵਿਹੜੇ
ਇਹ ਤੂਫਾਨ ਜਿਹਾ ਕੀ ਨਜ਼ਰਾਂ ਦਰੜ ਦਰੜ ਕੇ
ਧਰ ਚੌਲਿਆ ਦੇ ਝੇੜੇ
ਖਵਰੇ ਕੌਣ ਨਿਬੇੜੇ, ਪਹਿਰ ਪਹਿਰ ਦੇ ਬੋਲ
ਪਹਿਰ ਪਹਿਰ ਦੇ ਬੋਲ ਵੇ ਲੋਕਾ
ਠਹਿਰ ਠਹਿਰ ਕੇ ਬੋਲ

ਕਹਿਰ ਕਹਿਰ ਦੇ ਬੋਲ, ਵੇ ਲੋਕਾ
ਠਹਿਰ ਠਹਿਰ ਕੇ ਬੋਲ

ਅਜੇ ਨਾ ਏਨੀ ਆਦਤ ਸੁਣਦੀ
ਸ਼ਹਿਰ ਸ਼ਹਿਰ ਦੇ ਬੋਲ

ਮਰਕਰੀ - ਲਿੰਕਨ ਦੀਆਂ ਕਾਰਾਂ, ਫੋਰਡ ਟਰੱਕਾਂ
ਦੀਆਂ ਕਤਾਰਾਂ ਦੇਖਣ ਲਈ ਅੱਜ ਹੀ
ਗੁਰਦੀਪ ਮੁੱਤੀ ਨੂੰ ਫੋਨ ਕਰੋ


ਗੁਰਦੀਪ (ਗੋਰਡੀ) ਮੁੱਤੀ

Used ਕਾਰਾਂ ਦੀ ਕੀਮਤ $299 ਤੋਂ ਸ਼ੁਰੂ ਹੁੰਦੀ ਹੈ।
ਆਪ ਆ ਕੇ ਮਿਲੋ ਜਾਂ ਅੱਜ ਹੀ ਫੋਨ ਕਰੋ
BUS. 520-3055 RES. 521-2184

Ford MERCURY LINCOLN
Ph. 520-3055
301 STEWARDSON WAY, NEW WESTMINSTER, B.C. V3M 2A5
New-West Lincoln Mercury
12th & 3rd Ave. New Westminister, B.C.

# ਐਕਸਪੋ ਦੇ ਸੋਵੀਅਤ ਪਵੀਲੀਅਨ ਵਰਕਰਾਂ ਨੂੰ ਪ੍ਰੀਤੀ ਭੋਜਨ

ਕੈਨੇਡਾ-ਸੋਵੀਅਤ ਮਿਤਰਤਾ ਸੁਸਾਇਟੀ ਵਲੋਂ ਐਕਸਪੋ ਦੇ ਸੋਵੀਅਤ ਪਵੀਲੀਅਨ ਵਿਚ ਕੰਮ ਕਰਨ ਵਾਲੇ ਸੋਵੀਅਤ ਵਰਕਰਾਂ ਦੇ ਮਾਣ ਵਿਚ ਇਕ ਭਾਰਤੀ ਪ੍ਰੀਤੀ-ਭੋਜਨ ਸੂਫ਼ੀ ਅਮਰਜੀਤ ਦੇ ਘਰ 30 ਅਗਸਤ ਨੂੰ ਖੁਲ੍ਹੇ ਪਿਛਵਾੜੇ ਵਿਚ ਕੀਤਾ ਗਿਆ। ਇਸ ਪ੍ਰੀਤੀ ਭੋਜਨ ਵਿਚ ਸੋਵੀਅਤ ਮਹਿਮਾਨਾਂ ਤੋਂ ਬਿਨਾਂ, ਕੈਨੇਡੀਅਨ ਅਤੇ ਭਾਰਤੀ ਮੈਂਬਰਾਂ ਅਤੇ ਮਿੱਤਰਾਂ ਨੇ ਹਿੱਸਾ ਲਿਆ। ਇਸ ਪ੍ਰੀਤੀ ਭੋਜਨ ਦੀ ਸਾਰੀ ਖਾਧ ਖੁਰਾਕ ਸੂਫ਼ੀ ਪ੍ਰਵਾਰ ਨੇ ਤਿਆਰ ਕੀਤੀ ਸੀ ਅਤੇ ਬਾਕੀ ਡਰਿੰਕਸ ਆਦਿ ਦਾ ਪ੍ਰਬੰਧ ਕੈਨੇਡਾ-ਸੋਵੀਅਤ ਮਿਤਰਤਾ ਸੁਸਾਇਟੀ ਵਲੋਂ ਅਤੇ ਕੁਝ ਦੋਸਤਾਂ ਵਲੋਂ ਕੀਤਾ ਗਿਆ ਸੀ।

ਜਿਉਂ ਹੀ ਸਾਢੇ ਚਾਰ ਵਜੇ ਇਕ ਇਕ ਕਰਕੇ ਕੈਨੇਡੀਅਨ ਅਤੇ ਭਾਰਤੀ ਮਿੱਤਰ ਆਉਣੇ ਆਰੰਭ ਹੋਏ ਤਾਂ ਤਾਂ ਮਹੌਲ ਵਿਚ ਖੁਸ਼ੀ ਅਤੇ ਮਿਤਰਤਾ ਦੀ ਇਕ ਸੁਖਾਵੀਂ ਜਿਹੀ ਅਤੇ ਉਤਸ਼ਾਹਜਨਕ ਤਰੰਗ ਜਿਹੀ ਵਿਖਰ ਗਈ। ਜਦੋਂ ਤਿੰਨ ਕਾਰਾਂ ਵਿਚ ਸੋਵੀਅਤ ਮਹਿਮਾਨ ਆ ਪਧਾਰੇ ਹਰ ਕੋਈ ਇਕ ਦੂਜੇ ਨਾਲ ਕੁਝ ਹੀ ਸਮੇਂ ਵਿਚ ਇਸ ਤਰ੍ਹਾਂ ਘੁਲ ਮਿਲ ਗਿਆ ਜਿਵੇਂ ਕਿ ਇਕ ਦੂਜੇ ਨੂੰ ਸਾਲਾਂ ਤੋਂ ਹੀ ਜਾਣਦੇ ਹੋਣ।

ਇਸ ਸੱਤਰ - ਪੰਝੱਤਰ ਦੇ ਇਕੱਠ ਵਿਚ ਹਰ ਉਮਰ ਦੇ ਲੋਕ ਅਤੇ ਬੱਚੇ ਸਨ। ਹਰ ਇਕ ਦੀ ਕੋਸ਼ਿਸ਼ ਸੀ ਕਿ ਸੋਵੀਅਤ ਮਿੱਤਰਾਂ ਤੋਂ ਵੱਧ ਤੋਂ ਵੱਧ ਜਾਣਕਾਰੀ ਲਈ ਜਾਵੇ। ਹਰ ਇਕ ਦੇ ਆਪਣੇ ਹੀ ਸਵਾਲ ਸਨ। ਇਹ ਤਾਂ ਹਰ ਇਕ ਨੂੰ ਨਿਜੀ ਤੌਰ ਉਤੇ ਪਤਾ ਹੋਵੇਗਾ ਕਿ ਉਨ੍ਹਾਂ ਕੀ ਪੁਛਿਆ, ਪ੍ਰੰਤੂ ਹਰ ਇਕ ਦਾ ਪ੍ਰਭਾਵ ਤਸੱਲੀਬਖਸ਼ ਸੀ।

ਕੁਝ ਮੋਟੀਆਂ ਗੱਲਾਂ ਜਿਵੇਂ ਸੋਵੀਅਤ ਯੂਨੀਅਨ ਵਿਚ ਬੇਰੁਜ਼ਗਾਰੀ ਨਾਂ ਦੀ ਕੋਈ ਚੀਜ਼ ਹੀ ਨਹੀਂ ਹੈ। ਹਰ ਇਕ ਲਈ ਦੁਆਈ ਮੁਫਤ ਹੈ। ਸਾਰੀ ਪੜ੍ਹਾਈ ਮੁਫਤ ਹੈ। ਇਸਤਰੀਆਂ ਨੂੰ ਬੱਚੇ ਦੇ ਜਨਮ ਸਮੇਂ ਤਨਖਾਹ ਸਮੇਤ 18 ਮਹੀਨਿਆਂ ਦੀ ਛੁੱਟੀ ਮਿਲਦੀ ਹੈ। ਕਿਰਾਏ ਉਪਰ ਰਹਿਣ ਵਾਲੇ ਦਾ ਕਿਰਾਇਆ ਉਸ ਦੀ ਤਨਖਾਹ ਦੇ ਸਿਰਫ ਪੰਜ ਫੀਸਦੀ ਦੇ ਬਰਾਬਰ ਹੈ ਆਦਿ।

ਸਭ ਤੋਂ ਵੱਡੀ ਗੱਲ ਇਹ ਵੇਖੀ ਕਿ ਉਹ ਅਮਨ ਦੇ ਪੱਕੇ ਸਮਰਥਕ ਅਤੇ ਸੰਸਾਰ ਅਮਨ ਲਈ ਬੜੇ ਤਾਹੂ ਸਨ। ਉਨ੍ਹਾਂ ਦੱਸਿਆ ਕਿ ਕਿਵੇਂ ਕਰੋੜਾਂ ਹੀ ਸੋਵੀਅਤ ਲੋਕ ਅਮਨ ਚਾਹੁੰਦੇ ਹਨ ਕਿਉਂਕਿ ਦੂਜੀ ਸੰਸਾਰ ਜੰਗ ਵਿਚ ਸਭ ਤੋਂ ਵੱਧ ਤਬਾਹੀ ਸੋਵੀਅਤ ਯੂਨੀਅਨ ਦੀ ਹੀ ਹੋਈ ਅਤੇ ਉਸਦੇ ਦੋ ਕਰੋੜ ਤੋਂ ਵੱਧ ਲੋਕਾਂ ਦੀਆਂ ਜਾਨਾ ਕੁਰਬਾਨ ਹੋਈਆਂ।

ਹਰ ਕੋਈ ਖੁਲ੍ਹੇ ਮਿੱਤਰਤਾ ਭਰੇ ਮਾਹੌਲ ਵਿਚ ਇਕ ਦੂਜੇ ਤੋਂ ਹਟ ਕੇ ਨਵੇਂ ਵਿਅਕਤੀ ਨਾਲ ਗਲੀਂ ਜੁੱਟ ਜਾਂਦਾ। ਪਤਾ ਵੀ ਨਾ ਲੱਗਾ ਕਿ ਕਦੋਂ ਪੰਜ ਘੰਟੇ ਦਾ ਸਮਾਂ ਲੰਘ ਗਿਆ।

ਫਰੇਜ਼ਰ ਵੈਲੀ ਦੀ ਕੈਨੇਡਾ-ਸੋਵੀਅਤ ਮਿੱਤਰਤਾ ਸੁਸਾਇਟੀ ਦੇ ਪ੍ਰਧਾਨ ਮਿਸਟਰ ਜੈਕ ਟੈਰਾਸੌਫ ਨੇ ਸੰਖੇਪ ਪਰ ਬੜਾ ਹੀ ਪ੍ਰਭਾਵਸ਼ਾਲੀ ਭਾਸ਼ਨ ਦਿਤਾ। ਉਨ੍ਹਾਂ ਦੋਵਾਂ ਗੁਆਂਢੀ ਦੇਸ਼ਾਂ ਦੇ ਲੋਕ ਦੀ ਮਿੱਤਰਤਾ ਨੂੰ ਹੋਰ ਪੱਕਿਆਂ ਕਰਨ ਤੇ ਜ਼ੋਰ ਦਿੱਤਾ। ਮਿਸਟਰ ਟੈਰਾਸੌਫ ਨੇ ਸੋਵੀਅਤ ਯੂਨੀਅਨ ਦੀਆਂ ਅਮਨ ਤਜ਼ਵੀਜ਼ਾਂ ਨੂੰ ਜੀ ਆਇਆਂ ਕਿਹਾ ਅਤੇ ਸੰਸਾਰ ਅਮਨ ਲਈ ਕੰਮ ਕਰਨ ਦਾ ਅਹਿਦ ਕਰਨ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੋਵੀਅਤ ਇਨਕਲਾਬ ਦੀ ਜਿੱਤ ਤੋਂ ਪਿਛੋਂ ਸਭ ਤੋਂ ਪਹਿਲਾ ਐਲਾਨਨਾਮਾ ਜੋ ਇਨਕਲਾਬ ਦੇ ਆਗੂ ਮਹਾਨ ਲੈਨਿਨ ਨੇ ਕੀਤਾ ਉਹ 'ਅਮਨ' ਬਾਰੇ ਸੀ ਕਿ ਜੰਗ ਹਰ ਕੀਮਤ ਉਪਰ ਬੰਦ ਕਰਕੇ ਅਮਨ ਕੀਤਾ ਜਾਵੇ। ਪ੍ਰਧਾਨ ਨੇ ਸੂਫ਼ੀ ਪ੍ਰਵਾਰ ਵਲੋਂ ਇਸ ਪ੍ਰੀਤੀ-ਭੋਜਨ ਦਾ ਪ੍ਰਬੰਧ ਕਰਨ ਲਈ ਦਿਲੋਂ ਧੰਨਵਾਦ ਕੀਤਾ।

ਇਸ ਮੌਕੇ ਉਪਰ ਸੋਵੀਅਤ ਮਿੱਤਰਾਂ ਵਿਚੋਂ ਇਕ ਐਕਸਪੋ ਦੇ ਪ੍ਰਬੰਧਕ ਮਿਸਟਰ ਵਿਕਟਰ ਨੇ ਕਿਹਾ ਕਿ ਅਸੀਂ ਅੱਜ ਏਥੇ ਇਉਂ ਮਹਿਸੂਸ ਕਰ ਰਹੇ ਹਾਂ ਜਿਵੇਂ ਆਪ ਦੇ ਆਪਣੇ ਹੀ ਘਰ ਹੋਈਏ। ਉਸ ਨੇ 'ਘਰ' ਸ਼ਬਦ ਉਪਰ ਉਚੇਚੇ ਤੌਰ ਉਤੇ ਜ਼ੋਰ ਦਿਤਾ। ਉਨ੍ਹਾਂ ਕਿਹਾ ਕਿ ਅਸੀਂ ਇਸ ਮਿਤਰਤਾ ਭਰੀ ਆਓ ਭਗਤ ਨੂੰ ਸਾਰੀ ਉਮਰ ਨਹੀਂ ਭੁੱਲ ਸਕਾਂਗੇ। ਉਨ੍ਹਾਂ ਸਾਰਿਆਂ ਨੂੰ ਸੱਦਾ ਦਿੱਤਾ ਕਿ ਤੁਸੀਂ ਸੋਵੀਅਤ ਯੂਨੀਅਨ ਆਓ ਅਤੇ ਉਥੇ ਸਾਡੇ ਲੋਕਾਂ ਦੀ ਅਮਨ ਅਤੇ ਮਿਤਰਤਾ ਦੀ ਤਾਂਘ ਨੂੰ ਦੇਖਣਾ। ਉਨ੍ਹਾਂ ਸੁਆਦਿਸ਼ਟ ਭਾਰਤੀ ਕਿਸਮ ਦੇ ਭੋਜਨ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਲਈ ਪਹਿਲਾ ਮੌਕਾ ਹੈ, ਜਦੋਂ ਕਿ ਭਾਰਤੀ ਭੋਜਨ ਦਾ ਆਨੰਦ ਮਾਣਿਆ।

ਮਿਸਟਰ ਸਟੀਵ ਗਡੋਰਾ ਨੇ ਅੰਗਰੇਜ਼ੀ ਵਿਚ ਦੋ ਗੀਤ ਅਤੇ ਇਕਬਾਲ ਸੁਮਲ ਨੇ ਇਕ ਪੰਜਾਬੀ ਗੀਤ ਦਰਸ਼ਨ ਸਿੰਘ 'ਮਾਸਟਰ' ਦਾ ਲਿਖਿਆ ਖੂਬਸੂਰਤ ਤਰੰਨਮ ਵਿਚ ਗਾਇਆ, ਜਿਨ੍ਹਾਂ ਦਾ ਅਨੰਦ ਤਾੜੀਆਂ ਮਾਰਕੇ ਪ੍ਰਗਟ ਕੀਤਾ ਗਿਆ।

ਇਸ ਮਿੱਤਰਤਾ ਮਿਲਨੀ ਸਮੇਂ ਈਸਟ ਇੰਡੀਅਨ ਵਰਕਰਜ਼ ਐਸੋ: ਅਤੇ ਲੋਕਤਾ ਦੇ ਮੈਂਬਰ ਵੀ ਸ਼ਾਮਲ ਸਨ। 'ਕੈਨੇਡਾ ਦਰਪਣ' ਦੇ ਐਡੀਟਰ ਅਤੇ ਉਨ੍ਹਾਂ ਦਾ ਪ੍ਰਵਾਰ ਵੀ ਪੁਜਿਆ ਹੋਇਆ ਸੀ।



ਕੈਨੇਡੀਅਨ-ਸੋਵੀਅਤ ਭਾਈਚਾਰਾ



ਸੋਵੀਅਤ ਮਿਤਰਾਂ ਨਾਲ ਗੱਲੀਂ ਰੁਝੇ ਹੋਏ


ਵਾਜਬ ਕਿਰਾਏ ਚੰਗੇਰੀਆਂ ਸਹੂਲਤਾਂ ਲਈ
ਹਮੇਸ਼ਾਂ ਯਾਦ ਰੱਖੋ
## ਬੈਂਸ ਟਰੈਵਲ ਸਰਵਿਸ



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

## BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363


**For our Readers & Advertisers**
'Canada Darpan'
**Office Hours**
Monday to Friday — 10 a.m. - 5.00 p.m.
Please phone during these hours only
**Ph. 581-4473**


## BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
*Delicious Indian food*

# ਕਰਨਲ ਕਾਹਲੋਂ ਬਾਰੇ ਸੂਹ ਮਨਬੀਰ ਸਿੰਘ ਨੇ ਦਿਤੀ?



ਕਰਨਲ ਐਚ ਐਸ ਕਾਹਲੋਂ

ਲੁਧਿਆਣਾ — ਪੁਲਸ ਇਸ ਵੇਲੇ ਵੀਰ ਚੱਕਰ ਵਿਜੇਤਾ ਲੈਫਟੀਨੈਂਟ ਕਰਨਲ (ਰੀਟਾਇਰਡ) ਐਚ. ਐਸ. (ਹਰਬੰਤ ਸਿੰਘ) ਕਾਹਲੋਂ ਦੀ ਪੁਛ ਪੜਤਾਲ ਕਰ ਰਹੀ ਹੈ ਜਿਸ ਦੇ ਘਰੋਂ ਪੁਲਸ ਨੇ ਵੱਡੀ ਮਾਤਰਾ ਵਿਚ ਅਸਲ੍ਹਾ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ। ਪੱਖੋਵਾਲ ਸੜਕ ਤੇ ਸਰਾਭਾ ਨਗਰ ਦੀ ਪੁਲੀ ਤੋਂ ਖੱਬੇ ਹੱਥ ਸਿਰਫ 100 ਗਜ਼ ਦੀ ਦੂਰੀ ਤੇ 'ਕਿਸ਼ਨਗੜ੍ਹ ਕੰਪਲੈਕਸ' ਦਾ ਵੱਡਾ ਸਾਰਾ ਪੇਂਟ ਕੀਤਾ ਬੋਰਡ ਲੱਗਾ ਹੋਇਆ ਹੈ ਤੇ ਇਹ ਦੋ ਮੰਜ਼ਲਾ ਮਕਾਨ ਕਰਨ ਕਾਹਲੋਂ ਦਾ ਹੈ ਜਿਸ ਦੇ ਹੇਠਾਂ ਲਗਪਗ ਅੱਧੀ ਦਰਜਨ ਦੁਕਾਨਾਂ ਅਤੇ ਉਪਰ ਉਨ੍ਹਾਂ ਦੀ ਆਪਣੀ ਰਿਹਾਇਸ਼ ਹੈ। ਇਸੇ ਅਬਾਦੀ ਨੂੰ ਜਗਜੀਤ ਨਗਰ ਆਖਦੇ ਹਨ ਤੇ ਲਾਈਨ ਪਾਰ ਕਰਦਿਆਂ ਹੀ ਮਾਡਲ ਟਾਊਨ ਆ ਜਾਂਦਾ ਹੈ। ਸੱਜੇ ਹੱਥ ਸਰਾਭਾ ਨਗਰ ਅਤੇ ਮਿਲਹਾਰ ਸਿਨਮਾ ਹੈ, ਉਂਜ ਕਿਸ਼ਨਗੜ੍ਹ ਕਰਨਲ ਕਾਹਲੋਂ ਦਾ ਜੱਦੀ ਪਿੰਡ ਹੈ ਜੋ ਤਸੀਲ ਖੰਨਾ ਵਿਚ ਖੰਨੇ ਦੇ ਨੇੜੇ ਹੀ ਹੈ। ਦਹਿਸ਼ਤਪਸੰਦ ਮਨਬੀਰ ਸਿੰਘ ਚਹੇੜੂ ਅਤੇ ਸੈਨਾ ਦੇ ਸੇਵਾ ਮੁਕਤ ਮੇਜਰ ਬਲਦੇਵ ਸਿੰਘ ਘੁੰਮਣ ਦੀ ਜਲੰਧਰ ਵਿਚ ਹੋਈ ਗ੍ਰਿਫਤਾਰੀ ਪਿਛੋਂ ਹੀ ਕਰਨਲ ਕਾਹਲੋਂ ਦਾ ਨਾਂਅ ਸਾਹਮਣੇ ਆਇਆ ਕਿਉਂਕਿ ਕਰਨਲ ਕਾਹਲੋਂ ਮੇਜਰ ਘੁੰਮਣ ਦੇ ਕਰੀਬੀ ਰਿਸ਼ਤੇਦਾਰ (ਸਾਂਢੂ) ਦਸੇ ਜਾਂਦੇ ਹਨ ਤੇ ਸ਼ਾਇਦ ਦੋਹਾਂ ਨੇ ਪੁਛਗਿਛ ਦੌਰਾਨ ਹੀ ਕਰਨਲ ਕਾਹਲੋਂ ਦਾ ਨਾਮ ਲਿਆ ਜਾਵੇ। ਉਂਜ ਜਦੋਂ ਇਹ ਪ੍ਰਤੀਨਿਧ ਮੇਜਰ ਘੁੰਮਣ ਦੇ ਬੂਟਾਂ ਪਿੰਡ (ਜਲੰਧਰ) ਵਿਚਲੇ ਘਰ ਤੋਂ ਕੁਝ ਜਾਣਕਾਰੀ ਹਾਸਲ ਕਰਨ ਗਿਆ ਸੀ ਤਾਂ ਸੰਯੋਗਵਸ ਉਥੇ ਕਰਨਲ ਕਾਹਲੋਂ ਨਾਲ ਮੁਲਾਕਾਤ ਹੋ ਗਈ ਸੀ ਜੋ ਮੇਜਰ ਘੁੰਮਣ ਦੀ ਗ੍ਰਿਫਤਾਰੀ ਦੀ ਖਬਰ ਸੁਣਦਿਆਂ ਹੀ ਇਥੇ ਪੁਜੇ ਸਨ। ਖਬਰ ਏਜੰਸੀਆਂ ਨੇ ਭਾਵੇਂ ਇਹ ਵੀ ਖਬਰ ਦਿਤੀ ਹੈ ਕਿ ਕਰਨਲ ਕਾਹਲੋਂ ਨੇ 1984 ਵਿਚ ਬਲਿਊ ਸਟਾਰ ਅਪਰੇਸ਼ਨ ਪਿਛੋਂ ਫੌਜ ਤੋਂ ਰੋਸ ਵਜੋਂ ਅਸਤੀਫਾ ਦੇ ਦਿਤਾ ਸੀ ਪਰ ਉਨ੍ਹਾਂ ਦੇ ਸਰਵਿਸ-ਰੀਕਾਰਡ ਤੋਂ ਅਜਿਹਾ ਨਹੀਂ ਦਿਖਦਾ। ਸੂਤਰਾਂ ਅਨੁਸਾਰ ਸ: ਹਰਬੰਤ ਸਿੰਘ ਕਾਹਲੋਂ ਪੁਤਰ ਸ: ਗੁਰਨੇਕ ਸਿੰਘ ਨੇ 27 ਜੂਨ 1965 ਨੂੰ ਕਮਿਸ਼ਨ ਪ੍ਰਾਪਤ ਕੀਤਾ ਸੀ ਤੇ 20 ਸਾਲ ਚਾਰ ਮਹੀਨੇ ਦੀ ਸੇਵਾ ਮੁਕੰਮਲ ਕਰਨ ਪਿਛੋਂ ਉਹ ਦਸ ਨਵੰਬਰ 1985 ਨੂੰ ਸੈਨਾ ਤੋਂ ਰੀਟਾਇਰ ਹੋਏ ਹਨ। ਉਸ ਵੇਲੇ ਕਰਨਲ ਕਾਹਲੋਂ ਖੇਮਕਰਨ ਸਰਹੱਦ ਨੇੜੇ 40 ਮੀਡੀਅਮ ਰੈਜੀਮੈਂਟ (ਆਸਲ ਉਤਾੜ) ਦੇ ਕਮਾਂਡਰ ਸਨ। 'ਕਿਸ਼ਨਗੜ੍ਹ ਕੰਪਲੈਕਸ' ਦੇ ਨਾਂਅ ਨਾਲ ਜਾਣੇ ਜਾਂਦੇ ਕਰਨਲ ਕਾਹਲੋਂ ਦੇ ਨਿਵਾਸ ਦੀ ਜਦੋਂ ਬਾਹਰੋਂ ਹੀ ਸਾਡਾ ਕੈਮਰਾਮੈਨ ਤਸਵੀਰ ਲੈਣ ਲਗਾ ਤਾਂ ਉਪਰਲੀ ਮੰਜ਼ਲ ਤੇ ਤਾਇਨਾਤ ਪੁਲਸ ਕਰਮਚਾਰੀ ਪਹਿਲਾਂ ਬੜੀ ਹੀ ਸਖਤੀ ਨਾਲ ਪੇਸ਼ ਆਏ ਪਰ ਕਿਸੇ ਤਰ੍ਹਾਂ ਅਸੀਂ ਆਪਣੇ ਮਿਸ਼ਨ ਵਿਚ ਸਫਲ ਹੋ ਗਏ।

ਉਪਰ ਜਾ ਕੇ ਦੇਖਿਆ ਕਿ ਹਰੇਕ ਕਮਰੇ, ਸਟੋਰ, ਰਸੋਈ ਅਤੇ ਗੁਸਲਖਾਨੇ ਆਦਿ ਵਿਚ ਸਮਾਨ ਬੁਰੀ ਤਰ੍ਹਾਂ ਖਿਲਰਿਆ ਪਿਆ ਹੈ। ਕਰਨਲ ਕਾਹਲੋਂ ਦੇ ਘਰ ਵਿਚ ਵਿਦੇਸ਼ੀ ਪਤੇ ਅਤੇ ਆਧੁਨਿਕ ਸਮਾਨ ਦੀ ਬਹੁਤਾਤ ਇਸੇ ਗੱਲ ਦੀ ਗਵਾਹੀ ਭਰਦੀ ਸੀ ਕਿ ਉਹ ਬਹੁਤ ਹੀ ਸਰਦਾ-ਪੁਜਦਾ ਘਰ ਸੀ।

ਪੁਲਸ ਨੇ ਭਾਵੇਂ ਕਰਨਲ ਕਾਹਲੋਂ ਦੇ ਘਰੋਂ ਤਿੰਨ ਰੀਵਾਲਵਰ, ਕੁਝ ਹੱਥ ਗੋਲੇ ਅਤੇ ਵੱਡੀ ਮਾਤਰਾ ਵਿਚ ਪਾਕਿਸਤਾਨੀ ਮਾਰਕੇ ਵਾਲੀਆਂ ਗੋਲੀਆਂ ਬ੍ਰਾਮਦ ਕਰਨ ਦਾ ਦਾਅਵਾ ਕੀਤਾ। ਪਰ ਘਰ ਵਿਚ ਰਹਿ ਗਏ ਰੀਵਾਲਵਰਾਂ ਦੇ ਗੱਤਿਆਂ ਦੇ ਡੱਬੇ ਇਸ ਗਲ ਦੀ ਸ਼ਾਹਦੀ ਭਰਦੇ ਸਨ ਕਿ ਇਹ ਰੀਵਾਲਵਰ ਅਜੇ ਅਣਲੱਗ ਹਨ ਤੇ ਇਹਨਾਂ ਵਿਚੋਂ ਅਜੇ ਕੋਈ ਗੋਲੀ ਆਦਿ ਨਹੀਂ ਚਲਾਈ ਗਈ। ਘਟੋ ਘੱਟ ਦੋ ਅਜਿਹੇ ਖਾਲੀ ਡੱਬੇ ਘਰ ਵਿਚ ਦੇਖਣ ਨੂੰ ਮਿਲੇ। ਭਾਵੇਂ ਇਸ ਸਾਰੀ ਗੱਲ ਦੀ ਤਸਦੀਕ ਕਰਨ ਲਈ ਜ਼ਿਲਾ ਪੁਲਸ ਮੁਖੀ ਸ: ਐਸ. ਐਸ. ਬੈਂਸ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਘਰ ਵਿਚ ਨਹੀਂ ਮਿਲੇ। ਏਸੇ ਦੌਰਾਨ ਜਾਣਕਾਰ ਹਲਕਿਆਂ ਨੇ ਇੰਕਸ਼ਾਫ ਕੀਤਾ ਹੈ ਕਿ ਇਨ੍ਹਾਂ ਵਿਚੋਂ ਘੱਟੋ ਘੱਟ ਦੋ ਰੀਵਾਲਵਰ ਲਾਇਸੰਸੀ ਹੋ ਸਕਦੇ ਹਨ। ਇਕ ਲਾਇਸੰਸ ਸ਼ਾਇਦ ਸ੍ਰੀਮਤੀ ਹਰਜੀਤ ਕੌਰ ਕਾਹਲੋਂ (ਪਤਨੀ ਐਚ. ਐਸ. ਕਾਹਲੋਂ) ਦੇ ਨਾਂਅ ਤੇ ਵੀ ਹੈ। ਘਰ ਵਿਚ ਅਣਗਿਣਤ ਕੈਸੇਟਾ (ਟੇਪਾਂ) ਵੀ ਖਿਲਰੀਆਂ ਪਈਆਂ ਸਨ ਜੋ ਸ਼ਾਇਦ ਤਲਾਸ਼ੀ ਦੌਰਾਨ ਕੱਢ ਕੇ ਇਧਰ ਉਧਰ ਸੁਟੀਆਂ ਗਈਆਂ ਸਨ ਤੇ ਕੁਝ ਕੁ ਸ਼ਹੀਦੀ ਜਾਂ ਧਾਰਮਿਕ ਪੁਸਤਕਾਂ ਵੀ ਸਨ। ਭਾਵੇਂ ਇਸ ਗੱਲ ਦੀ ਤਸਦੀਕ ਨਹੀਂ ਹੋ ਸਕੀ ਪਰ ਕਿਹਾ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਕੋਈ ਕੈਸਟਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨਾਲ ਸਬੰਧਤ ਹਨ।

ਦਰਸ਼ਨ ਸਿੰਘ ਮੱਕੜ

ਅੰਮ੍ਰਿਤਸਰ ਤੋਂ ਇਕ ਸੂਚਨਾ ਅਨੁਸਾਰ ਇਕ ਹੋਰ ਵਿਅਕਤੀ ਜੋ ਆਪਣੇ ਆਪ ਨੂੰ ਹਰਗੋਬਿੰਦ ਸਿੰਘ ਕਹਿੰਦਾ ਸੀ ਇਕ ਰਿਹਾਇਸ਼ੀ ਕਾਲੋਨੀ ਵਿਚੋਂ ਗ੍ਰਿਫਤਾਰ ਕੀਤਾ ਗਿਆ ਹੈ।






ਸੇਵਾ ਮੁਕਤ ਲੈਫਟੀਨੈਂਟ ਕਰਨਲ ਕਾਹਲੋਂ ਦੇ 'ਕਿਸ਼ਨਗੜ੍ਹ ਕੰਪਲੈਕਸ' ਨਾਮੀਂ ਨਿਵਾਸ ਦਾ ਬਾਹਰਲਾ ਦ੍ਰਿਸ਼। ਹੇਠਾਂ ਇਕ ਕਮਰੇ ਵਿਚ ਪੁਲਸ ਵਲੋਂ ਲਈ ਗਈ ਤਲਾਸ਼ੀ ਪਿਛੋਂ ਖਿਲਰਿਆ ਹੋਇਆ ਸਮਾਨ ਨਜ਼ਰ ਆ ਰਿਹਾ ਹੈ।

NORTH AMERICAN LIFE

NORTH AMERICAN LIFE ASSURANCE COMPANY

- Life Insurance
- Mortgage Insurance
- Children's educational Plans
- RRSP



Darshan Gill, M.A.

320, 815 West Hastings St.
Vancouver, B.C. V6C 2W1
Bus. 685-9335

GM

WESTMINSTER
CHEVROLET OLDSMOBILE

"we run a very simple business"
Telephone (604) 521-7731

1984 ਦੇ ਗਰੈਂਡ ਸੇਲਜ਼ ਮਾਸਟਰ

ਸਾਡੇ ਕੋਲ ਨਵੀਂਆਂ, ਪੁਰਾਣੀਆਂ ਕਾਰਾਂ, ਸਪੋਰਟਸ ਕਾਰਾਂ, ਪਿਕ ਆਪ ਆਦਿ ਹਨ।
ਆਪ ਆਪਣੀ ਕਾਰ ਵੇਚਣ ਜਾਂ ਖ੍ਰੀਦਣ ਤੋਂ ਪਹਿਲਾਂ ਇਕ ਵਾਰੀ
ਗੁਰਜੀਤ ਬਾਵਾ ਨੂੰ ਮਿਲੋਂ
ਜਾਂ ਫੂਨ ਜ਼ਰੂਰ ਕਰੋ। ਉਹ ਤੁਹਾਨੂੰ ਵਧੀਆ ਕੀਮਤ ਤੇ ਕਾਰ ਦਿਵਾਉਣਗੇ। ਉਹ ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਵੀ ਕਰਵਾਉਣਗੇ।

BUS. 521-7731
Pager 687-1985 ÷5531
12th. Street at Queens Ave., New Westminster - B.C.





ਗੁਰਜੀਤ ਢੀਂਡਸਾ ਬਾਵਾ

# ਗੁਰਦੁਆਰਾ ਨਾਨਕ ਸਰ ਦਾ ਉਦਘਾਟਨ ਤੇ ਰਾਜਨੀਤੀ



'ਸੂਫ਼ੀ' ਅਮਰਜੀਤ

25 ਅਗਸਤ ਨੂੰ ਗੁਰਦੁਆਰਾ ਨਾਨਕ ਸਰ, ਰਿਚਮੰਡ ਦਾ ਉਦਘਾਟਨ ਸਮਾਗਮ ਬੜੀ ਧੂੰਮ ਧਾਮ ਨਾਲ ਹੋਇਆ। ਇਸ ਸਮਾਗਮ ਦੇ ਸਬੰਧ ਵਿਚ ਕੁਝ ਕਹਿਣ ਤੋਂ ਪਹਿਲਾਂ, ਇਸ ਸਬੰਧੀ ਦੋ ਸਾਧਾਰਨ ਗੱਲਾਂ ਕਰ ਲੈਣੀਆਂ ਵੀ ਠੀਕ ਰਹਿਣਗੀਆਂ ਜੋ ਇਸ ਦੀ ਇਮਾਰਤ ਨਾਲ ਅਤੇ ਪ੍ਰਬੰਧ ਨਾਲ ਸੰਬੰਧਿਤ ਹਨ।

ਨਾਨਕ ਸਰ ਗੁਰਦੁਆਰਾ ਵੈਸਟਮਨਿਸਟਰ ਹਾਈਵੇ ਉਪਰ ਰਿਚਮੰਡ, ਬੀ. ਸੀ. ਵਿਚ ਹੈ। ਇਸਦੀ ਇਮਾਰਤ ਡੀਜ਼ਾਈਨ ਦੇ ਪੱਖੋਂ ਕੈਨੇਡਾ ਦੇ ਬਾਕੀ ਸਾਰੇ ਗੁਰਦੁਆਰਿਆਂ ਤੋਂ ਨਵੇਕਲੀ ਹੈ। ਜਾਂ ਇਉਂ ਕਹਿ ਲਈਏ, ਕਿ ਇਸ ਦਾ ਡੀਜ਼ਾਈਨ ਭਾਰਤ ਵਿਚ ਦੇ ਰਵਾਇਤੀ ਗੁਰਦੁਆਰਿਆਂ ਵਰਗਾ ਹੈ। ਇਸ ਪੱਖੋਂ ਇਹ ਕੈਨੇਡਾ ਦੇ ਕੈਨੇਡੀਅਨ ਲੋਕਾਂ ਲਈ, ਕਲਾ ਦੇ ਪੱਖੋਂ ਦੇਖਣ ਵਾਲੀ ਇਮਾਰਤ ਹੈ।

ਨਾਨਕ ਸਰ ਦਾ ਗੁਰਦੁਆਰਾ ਇਮਾਰਤ ਕਲਾ ਦੇ ਪੱਖੋਂ ਹੀ ਵੱਖਰਾ ਨਹੀਂ ਹੈ, ਸਗੋਂ ਇਸ ਪੱਖੋਂ ਵੀ ਵੱਖਰਾ ਹੈ ਕਿ ਇਥੇ ਹੋਣ ਵਾਲੇ ਧਾਰਮਕ, ਸਮਾਜਕ ਆਦਿ ਸਮਾਗਮਾਂ ਦੇ ਕਰਨ ਸਮੇਂ ਪ੍ਰਬੰਧਕ ਕਮੇਟੀ ਨੇ ਕੋਈ ਨਿਸਚਤ ਖਰਚੇ ਨਹੀਂ ਰੱਖੇ ਹੋਏ, ਜੋ ਕਿ ਸੰਬੰਧਿਤ ਪਰੋਗਰਾਮ ਕਰਵਾਉਣ ਵਾਲੇ ਨੂੰ ਕਰਨੇ ਜਾਂ ਭਰਨੇ ਜ਼ਰੂਰੀ ਹੁੰਦੇ ਹਨ। ਇਹ ਵਿਅਕਤੀ ਦੀ ਆਪਣੀ ਆਰਥਕ ਹਾਲਤ ਜਾਂ ਦਰਿਆ ਦਿਲੀ ਤੇ ਨਿਰਭਰ ਹੈ ਕਿ ਉਹ ਕਿੰਨੀ ਰਕਮ ਭੇਟ ਕਰ ਸਕਦਾ ਹੈ।

## ਧਰਮ ਤੇ ਰਾਜਨੀਤੀ

ਤੀਜੀ ਨਵੇਕਲੀ ਗੱਲ ਇਹ ਕਿ ਇਹ ਗੁਰਦੁਆਰਾ ਜਦੋਂ ਤੋਂ ਬਣਿਆ ਹੈ ਤੇ ਜਦੋਂ ਤੋਂ ਇਸ ਗੁਰਦੁਆਰੇ ਵਿਚ ਧਾਰਮਕ ਸਮਾਗਮ ਹੁੰਦੇ ਹਨ, ਉਸ ਵੇਲੇ ਤੋਂ ਹੀ ਇਸ ਦੀ ਪ੍ਰਬੰਧਕ-ਕਮੇਟੀ ਨੇ ਇਸ ਨੂੰ 'ਨਿਰੋਲ' ਅਤੇ 'ਨਿਰੋਲ ਧਾਰਮਕ' ਪ੍ਰਚਾਰ ਤੱਕ ਹੀ ਸੀਮਤ ਰੱਖਿਆ ਹੋਇਆ ਹੈ। ਭਾਵ ਇਸ ਗੁਰਦੁਆਰੇ ਵਿਚ ਰਾਜਨੀਤਕ ਭਾਸ਼ਨ ਸਟੇਜ ਤੋਂ ਨਹੀਂ ਕੀਤੇ ਜਾਂਦੇ ਅਤੇ ਨਾਲ ਹੀ ਇਹ ਕੋਸ਼ਿਸ਼ ਵੀ ਕੀਤੀ ਜਾਂਦੀ ਹੈ ਕਿ ਗੁਰਦੁਆਰੇ ਵਿਚ ਰਾਜਨੀਤਕ ਗੱਲਾਂ ਨਾ ਕੀਤੀਆਂ ਜਾਣ ਅਤੇ ਰਾਜਨੀਤਕ ਲਿਟਰੇਚਰ ਨਾ ਪੜ੍ਹਿਆ ਅਤੇ ਨਾ ਹੀ ਵੰਡਿਆ ਜਾਵੇ।

ਧਰਮ ਨੂੰ ਰਾਜਨੀਤੀ ਤੋਂ ਵੱਖ ਰੱਖਣਾ ਇਸ ਗੁਰਦੁਆਰੇ ਦੀ ਨਿਰੋਈ ਧਾਰਨਾ ਹੈ ਅਤੇ ਇਸ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਜਿਵੇਂ ਕਿ ਪ੍ਰਬੰਧਕਾਂ ਤੋਂ ਸੁਣਨ ਵਿਚ ਆਇਆ ਹੈ, ਕਿ ਦੂਜੇ ਗੁਰਦੁਆਰਿਆਂ ਉਤੇ ਕਾਬਜ਼ ਖਾਲਿਸਤਾਨੀ ਅਨਸਰਾਂ ਨਾਲ ਸੰਬੰਧਿਤ ਕੁਝ ਲੋਕਾਂ ਨੇ ਕਈ ਵਾਰ ਵਿੰਗੇ-ਟੇਢੇ ਢੰਗਾਂ ਨਾਲ ਅਤੇ ਕਈ ਵਾਰ ਸਿੱਧੇ ਤੌਰ ਉਪਰ ਇਥੇ ਆਪਣਾ ਰਾਜਨੀਤਕ ਪ੍ਰਚਾਰ ਕਰਨ ਦੀਆਂ ਵਿਉਂਤਾਂ ਬਣਾਈਆਂ ਅਤੇ ਕੋਸ਼ਿਸ਼ਾਂ ਕੀਤੀਆਂ, ਪ੍ਰੰਤੂ ਪ੍ਰਬੰਧਕਾਂ ਦੀ ਦ੍ਰਿੜਤਾ ਦੇ ਕਾਰਨ ਉਹ ਸਫਲ ਨਹੀਂ ਹੋ ਸਕੇ।

## ਹੈਰਾਨੀ ਜਨਕ ਉਦਘਾਟਨ

ਪ੍ਰਬੰਧਕਾਂ ਦੇ ਅਜਿਹੇ ਪੱਕੇ ਅਸੂਲ ਕਿ ਰਾਜਨੀਤੀ ਤੋਂ ਧਰਮ ਨੂੰ ਵੱਖ ਰੱਖਣਾ ਹੈ ਨੂੰ, ਕਿਉਂ ਅਤੇ ਕਿਵੇਂ ਜਾਣਦਿਆਂ ਜਾਂ ਅਣਜਾਣਿਆਂ ਅਖੋਂ ਉਹਲੇ ਕਰਕੇ, ਗੁਰਦੁਆਰੇ ਦੇ ਉਦਘਾਟਨ ਕਰਨ ਲਈ ਬੀ. ਸੀ. ਦੇ ਉਸ ਪ੍ਰੀਮੀਅਰ ਨੂੰ ਸੱਦਿਆ ਗਿਆ, ਜਿਸ ਦੀ ਪਾਰਟੀ ਦੇ ਕੰਮ ਆਮ ਕਰਕੇ ਹੀ ਲੋਕ ਵਿਰੋਧੀ ਹਨ, ਉਹ ਭਾਵੇਂ ਸਕੂਲਾਂ ਨਾਲ ਸੰਬੰਧਿਤ ਹੈ, ਜਾਂ ਹਿਊਮਨ ਰਾਈਟਸ ਨਾਲ ਸੰਬੰਧਿਤ ਹੈ ਭਾਵੇਂ ਫਾਰਮ ਵਰਕਰਾਂ ਨਾਲ ਸੰਬੰਧਤ ਹੋਵੇ। ਸਾਰੀ ਦੁਨੀਆਂ ਦੱਖਣੀ ਅਫਰੀਕਾ ਦੀ ਨਸਲੀ ਸਰਕਾਰ ਨੂੰ ਖਤਮ ਕਰਨ ਲਈ ਪਾਬੰਦੀਆਂ ਲਾ ਰਹੀ ਹੈ, ਪ੍ਰੰਤੂ ਸਾਰੇ ਕੈਨੇਡਾ ਵਿਚੋਂ ਇਹ ਬੀ. ਸੀ. ਦੀ ਸੋਕਰਡ ਸਰਕਾਰ ਹੈ ਜੋ ਲਗਾਤਾਰ ਦੱਖਣੀ ਅਫਰੀਕਾ ਦੀ ਵਾਈਨ ਮੰਗਵਾ ਕੇ ਵੇਚ ਰਹੀ ਹੈ। ਮਿ: ਵੈਂਡਰਜ਼ਾਮ ਦਾ ਪਹਿਲਾਂ ਮੰਤਰੀ ਹੋਣ ਵੇਲੇ ਦਾ ਰੀਕਾਰਡ ਵੀ ਸੁਥਰਾ ਨਹੀਂ ਹੈ। ਹੁਣ ਵੀ ਇਸ ਨੇ ਜੋ ਆਪਣੇ ਇਰਾਦੇ ਜ਼ਾਹਰ ਕੀਤੇ ਹਨ, ਉਹ ਕਿਵੇਂ ਵੀ ਲੋਕ ਪੱਖੀ ਨਹੀਂ ਹਨ। ਜਿਵੇਂ ਸਕੂਲਾਂ ਨੂੰ ਪ੍ਰਾਈਵੇਟ ਹੱਥਾਂ 'ਚ ਦੇਣ ਦੀਆਂ ਗੱਲਾਂ, ਸਕੂਲ ਟੈਕਸ ਨੂੰ ਪ੍ਰਾਈਵੇਟ ਸਕੂਲਾਂ ਨੂੰ ਦੇਣ ਦੀ ਖੁੱਲ੍ਹ। ਇਸਤਰੀਆਂ ਦੇ ਮਸਲਿਆਂ ਸੰਬੰਧੀ ਪਹੁੰਚ ਆਦਿ।

ਹੁਣ ਜਦੋਂ ਕਿ ਪਿਛਲੇ ਦਸਾਂ ਸਾਲਾਂ ਦੇ ਸੋਕਰਡ ਪਾਰਟੀ ਦੇ ਰਾਜ ਤੋਂ ਬੀ ਸੀ ਦੀ ਲੋਕ ਅੱਕੇ ਪਏ ਹਨ ਅਤੇ ਇਹ ਦੇਖਦਿਆਂ ਕਿ ਸਾਡੀ ਕਮਿਊਨਿਟੀ ਦਾ ਆਪ ਹੀ ਰੁਝਾਨ ਸੋਕਰਡ ਵਿਰੋਧੀ ਹੈ ਅਤੇ ਬੀ. ਸੀ. ਵਿਚੋਂ ਕੇਵਲ ਕੁਝ ਹੀ ਵਿਅਕਤੀ ਸਾਡੀ ਕਮਿਊਨਿਟੀ ਵਿਚੋਂ ਸੋਕਰਡਾਂ ਨਾਲ ਹਨ, ਜੋ ਧਰਮ ਅਤੇ ਰਾਜਨੀਤੀ ਨੂੰ ਇਕੱਠੇ ਮੰਨਦੇ ਹਨ, ਅਜਿਹੀ ਸਥਿਤੀ ਵਿਚ ਸੋਕਰਡ ਪਾਰਟੀ ਦੇ ਮੁਖੀ ਨੂੰ ਗੁਰਦੁਆਰੇ ਦੇ ਉਦਘਾਟਨ ਲਈ ਸੱਦਣਾ ਕਿਵੇਂ ਵੀ ਦਰੁਸਤ ਫੈਸਲਾ ਨਹੀਂ ਹੈ, ਅਤੇ ਸੱਦਿਆ ਵੀ ਉਸ ਸਮੇਂ ਜਾਣਾ ਜਦੋਂ ਬੀ. ਸੀ. ਵਿਚ ਚੋਣਾਂ ਦੀਆਂ ਗੱਲਾਂ ਹੋ ਰਹੀਆਂ ਹੋਣ ਅਤੇ ਸੋਕਰਡਾਂ ਦੀ ਸਾਖ ਲੋਕਾਂ ਵਿਚ ਬਿਲਕੁਲ ਹੀ ਹੇਠਾਂ ਡਿੱਗ ਚੁਕੀ ਹੈ।

ਜੇਕਰ ਪ੍ਰਬੰਧਕ ਕਿਸੇ ਵੱਡੇ ਸਰਕਾਰੀ ਬੰਦੇ ਤੋਂ ਉਦਘਾਟਨ ਕਰਵਾਉਣਾ ਹੀ ਚਾਹੁੰਦੇ ਸਨ ਤਾਂ ਉਨ੍ਹਾਂ ਨੂੰ ਨਿਸਚੇ ਹੀ ਬੀ. ਸੀ. ਦੇ **ਲੈਫਟੀਨੈਂਟ ਗਵਰਨਰ ਵਰਗੇ ਗੈਰ-ਪਾਰਟੀ ਬੰਦੇ ਨੂੰ ਸੱਦਾ ਚਾਹੀਦਾ ਸੀ।** ਲੈਫਟੀਨੈਂਟ ਗਵਰਨਰ ਦੀ ਹਾਜ਼ਰੀ ਵਿਚ ਸਾਰੀਆਂ ਪਾਰਟੀਆਂ ਦੇ ਮੁਖੀਆਂ ਨੂੰ ਸੱਦਿਆ ਜਾ ਸਕਦਾ। ਨਾ ਕਿ ਹੁਣ ਵਾਂਗ ਕਿ ਮਿ: ਵੈਂਡਰਜ਼ਾਮ ਦੀ ਮਨਿਸਟਰੀ ਦੇ ਸਾਰੇ ਉਹ ਬੰਦੇ ਸੱਦਣੇ ਉਚਿਤ ਸਨ ਜਿੰਨ੍ਹਾਂ ਬਾਰੇ ਪਿਛਲੇ ਸਮੇਂ ਵਿਚੋਂ ਬੀ. ਸੀ. ਦੇ ਮੀਡੀਏ ਵਿਚ ਹੀ ਬਹੁਤ ਕੁਝ ਨਹੀਂ ਛਪਿਆ, ਸਗੋਂ ਉਹ ਲੋਕਾਂ ਦੀਆਂ ਨਜ਼ਰਾਂ ਵਿਚ ਬੁਰੀ ਤਰ੍ਹਾਂ ਹੇਠਾਂ ਡਿੱਗੇ ਸਨ।

ਇਉਂ ਜਾਪਦਾ ਹੈ ਕਿ ਜਿਵੇਂ ਪ੍ਰੀਮੀਅਰ ਨੂੰ ਕਮਿਊਨਿਟੀ ਦੇ ਏਡੇ ਵੱਡੇ ਇਕੱਠ ਵਿਚ ਸੱਦ ਕੇ ਉਸ ਦੀ ਪਾਰਟੀ ਦੇ ਲੋਕ-ਵਿਰੋਧੀ ਕਿਰਦਾਰ ਨੂੰ ਢਕਣ ਦੀ ਕੋਸ਼ਿਸ਼ ਕੀਤੀ ਗਈ ਹੋਵੇ। ਗੁਰਦੁਆਰੇ ਦੇ **ਸ਼ਰਧਾਲੂਆਂ ਨੂੰ ਤੇ ਕਮੇਟੀ ਨੂੰ ਸੋਚਣਾ ਚਾਹੀਦਾ ਹੈ ਕਿ ਇਹ ਕਿਉਂ ਤੇ ਕਿਵੇਂ ਹੋ ਗਿਆ ਹੈ।** ਕੀ ਇਹ ਗੁਰਦੁਆਰੇ ਵਿਚ ਅਸਰ ਰਸੂਖ ਰੱਖਣ ਵਾਲੇ ਵੱਡੇ ਧਨ-ਕੁਬੇਰਾਂ ਜਾਂ ਵੱਡੇ ਫਾਰਮਰਾਂ ਜਾਂ ਠੇਕੇਦਾਰਾਂ ਦੇ ਅਸਰ ਹੇਠ ਆ ਕੇ ਤਾਂ ਅਜਿਹਾ ਨਹੀਂ ਹੋਇਆ ਜਾਂ ਕਮੇਟੀ ਨੇ ਵੈਸੇ ਹੀ ਵੱਡੀ ਨੁੱਕ ਬੰਨ੍ਹਣ ਲਈ ਹੀ ਅਜਿਹਾ ਕੀਤਾ ਹੈ? ਜਿਵੇਂ ਜਿਵੇਂ ਵੀ ਉਹ ਇਹ ਹੋਇਆ, ਇਸ ਨਾਲ ਗੁਰਦੁਆਰੇ ਦੇ ਅੰਦਰੂਨੀ ਪ੍ਰਬੰਧ ਦੇ ਨਿਰੋਲ ਧਾਰਮਿਕ ਪੱਖ ਤੱਕ ਸੀਮਤ ਰਹਿਕੇ, ਰਾਜਨੀਤੀ ਨੂੰ ਪਰੇ ਰੱਖਣ ਦੀ ਧਰਮ ਨਿਰਪੱਖਤਾ ਦੇ ਅਸੂਲ ਦੀ ਉਲੰਘਣਾ ਹੋਈ ਹੈ।

ਇਥੇ ਇਹ ਸਵਾਲ ਉਠਾਏ ਜਾ ਸਕਦੇ ਹਨ ਕਿ ਪ੍ਰੀਮੀਅਰ ਨੇ ਕੋਈ ਰਾਜਨੀਤਕ ਭਾਸ਼ਨ ਤਾਂ ਦਿਤਾ ਨਹੀਂ ਸੀ ਜਾਂ ਕੋਈ ਵੀ ਰਾਜਨੀਤਕ ਬੰਦਾ ਗੁਰਦੁਆਰੇ ਆ ਸਕਦਾ ਹੈ, ਉਹ ਭਾਵੇਂ ਕਿਸੇ ਵੀ ਰਾਜਨੀਤੀ ਨਾਲ ਸੰਬੰਧਤ ਹੋਵੇ ਇਹ ਠੀਕ ਹੈ। ਪ੍ਰੰਤੂ ਪ੍ਰੀਮੀਅਰ ਦੇ ਬਿਨਾਂ ਬੋਲਣ ਤੋਂ ਹੀ, ਕਿਸੇ ਵਿਸ਼ੇਸ਼ ਸਮਾਗਮ ਉਤੇ, ਬਾਕਾਇਦਾ ਸੱਦੇ ਪੱਤਰ ਉਪਰ ਆਉਣਾ ਹੀ ਇਕ ਰਾਜਨੀਤਕ ਸੰਦੇਸ਼ ਦੇਣਾ ਹੈ ਅਤੇ ਇਕ ਰਾਜਨੀਤਕ ਕਾਰਵਾਈ ਹੈ, ਇਹ ਕਿਸੇ ਤਰ੍ਹਾਂ ਵੀ ਗੈਰ ਰਾਜਨੀਤਕ ਨਹੀਂ ਹੈ। ਜਿਥੋਂ ਤੱਕ ਦੂਜੇ ਸਵਾਲ ਦਾ ਸੰਬੰਧ ਹੈ ਕਿ ਇਹ ਤਦ ਹੀ ਦਰੁਸਤ ਮੰਨਿਆ ਜਾ ਸਕਦਾ ਹੈ, ਜੇ ਕਰ ਉਹ ਰਾਜਨੀਤਕ ਵਿਅਕਤੀ ਆਪਣੇ ਆਪ, ਬਿਨਾਂ ਬੁਲਾਏ ਦੇ ਆਵੇ। ਪ੍ਰੰਤੂ ਵਿਸ਼ੇਸ਼ ਸੱਦੇ ਪੱਤਰ ਉਪਰ ਵਿਸ਼ੇਸ਼ ਕੰਮ ਲਈ, ਜਿਵੇਂ ਗੁਰਦੁਆਰੇ ਦਾ ਉਦਘਾਟਨ ਕਰਨ, ਕਿਸੇ ਰਾਜਨੀਤਕ ਆਗੂ ਦੇ ਆਉਣ ਉਪਰ ਇਹ ਸਵਾਲ ਨਹੀਂ ਉਠਾਇਆ ਜਾ ਸਕਦਾ।

## ਰਾਜਨੀਤਕ ਉਦਾਸੀਨਤਾ

ਮੈਂ ਆਪ ਇਕ ਰਾਜਨੀਤਕ ਵਿਅਕਤੀ ਹੋਣ ਦੇ ਨਾਤੇ ਇਹ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੇਰਾ ਕਦਾਚਿਤ ਇਹ ਭਾਵ ਨਹੀਂ ਕਿ ਕਿਸੇ ਧਰਮ ਨੂੰ ਮੰਨਣ ਵਾਲੇ ਸ਼ਰਧਾਲੂਆਂ ਨੂੰ ਰਾਜਨੀਤਕ ਉਦਾਸੀਨਤਾ ਧਾਰਨ ਕਰ ਲੈਣੀ ਚਾਹੀਦੀ ਹੈ। ਮੈਂ ਤਾਂ ਸਿਰਫ ਧਰਮ ਨੂੰ ਰਾਜਨੀਤੀ ਤੋਂ ਵੱਖ ਰੱਖਣ ਦੀ ਅਤੇ ਧਾਰਮਿਕ ਅਸਥਾਨਾਂ ਨੂੰ ਕੇਵਲ ਧਾਰਮਕ ਪ੍ਰਚਾਰ ਤੇ ਧਾਰਮਕ ਰਸਮਾਂ ਲਈ ਵਰਤੇ ਜਾਣ ਦੇ ਧਰਮ ਨਿਰਪੱਖਤਾ ਦੇ ਵਿਚਾਰ ਦੀ ਹੀ ਪੁਸ਼ਟੀ ਕਰ ਰਿਹਾ ਹਾਂ।

ਮੇਰਾ ਇਹ ਪੱਕਾ ਵਿਚਾਰ ਹੈ ਕਿ ਹਰ ਵਿਅਕਤੀ ਨੂੰ ਰਾਜਨੀਤੀ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਹਰ ਵਿਅਕਤੀ ਤੋਂ ਮੇਰਾ ਭਾਵ ਹਰ ਧਰਮ ਨੂੰ ਮੰਨਣ ਵਾਲੇ ਤੋਂ ਵੀ ਹੈ। ਪ੍ਰੰਤੂ ਇਸ ਗਲੋਂ ਚੇਤੰਨ ਰਹਿਣ ਦੀ ਲੋੜ ਹੈ ਕਿ ਕਈ ਲੀਡਰ ਧਰਮ ਦਾ ਸਹਾਰਾ ਲੈ ਕੇ ਆਪਣੀ ਰਾਜਨੀਤੀ ਨੂੰ ਚਲਾਉਂਦੇ ਹਨ ਤੇ ਉਹ



ਆਪਣੇ ਸੁਆਰਥਾਂ ਲਈ ਰਾਜਨੀਤੀ ਦਾ ਵੀ ਘਾਣ ਕਰ ਦਿੰਦੇ ਹਨ ਅਤੇ ਧਰਮ ਦੇ ਅਸੂਲਾਂ ਅਤੇ ਮਰਯਾਦਾਵਾਂ ਦੀ ਵੀ ਘੋਰ ਉਲੰਘਣਾ ਕਰਦੇ ਹਨ। ਅਜਿਹਾ ਅਸੀਂ ਇਸਲਾਮ, ਹਿੰਦੂ, ਸਿੱਖ ਅਤੇ ਈਸਾਈ ਧਰਮਾਂ ਵਿਚ ਹੋਇਆ ਦੇਖਿਆ ਅਤੇ ਪੜ੍ਹਿਆ ਹੈ ਅਤੇ ਹੁਣ ਵੀ ਸਾਡੀਆਂ ਅੱਖਾਂ ਅਗੇ ਅਜਿਹਾ ਹੋ ਰਿਹਾ ਹੈ।

ਧਾਰਮਕ ਸਥਾਨਾਂ ਤੋਂ ਬਾਹਰ, ਹਰ ਵਿਅਕਤੀ ਨੂੰ ਰਾਜਨੀਤੀ ਨੂੰ ਸਮਝ ਕੇ ਆਪਣਾ ਮਨ ਬਣਾਉਣਾ ਚਾਹੀਦਾ ਹੈ ਕਿ ਉਸ ਨੇ ਕਿਹੜੀ ਰਾਜਨੀਤੀ ਵਿਚ ਹਿੱਸਾ ਲੈਣਾ ਹੈ, ਕਿਹੜੀ ਰਾਜਨੀਤੀ ਉਸ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਹੈ ਜੇ ਅਜਿਹਾ ਨਾ ਸਮਝਾਂ ਗੇ ਤਾਂ ਰਾਜਨੀਤਕ ਆਗੂ ਹਮੇਸ਼ਾਂ ਸਾਡੀ ਸ਼ਕਤੀ ਨੂੰ ਵਰਤ ਕੇ ਆਪਣੇ ਹੱਥ ਰੰਗਦੇ ਰਹਿਣਗੇ।

ਅਸੀਂ ਸਾਰੇ ਮਿਹਨਤੀ ਲੋਕ ਹਾਂ, ਸਾਡੀ ਰਾਜਨੀਤੀ ਮਿਹਨਤੀ ਜਮਾਤ ਦੀ ਰਾਜਨੀਤੀ ਹੈ। ਜੋ ਕਿਰਤ ਕਰਕੇ ਗੁਜ਼ਾਰਾ ਕਰਦੇ ਹਾਂ। ਧਨਵਾਨ, ਕਾਰਖਾਨੇਦਾਰ, ਪੂੰਜੀਪਤੀ ਤੇ ਹੋਰ ਪੈਦਾਵਾਰ ਦੇ ਸਾਧਨਾਂ ਦੇ ਮਾਲਕ ਸਾਨੂੰ ਦਿਹਾੜੀ ਉਪਰ ਮਜ਼ਦੂਰ ਵਜੋਂ ਕੰਮ ਉਪਰ ਰੱਖਕੇ ਸਾਡੀ ਮਿਹਨਤ ਨੂੰ ਲੁਟਦੇ ਹਨ

ਇਸ ਲਈ ਮਿ: ਵੈਂਡਰਜ਼ਾਮ ਦੀ ਪਾਰਟੀ ਸਾਡੇ ਲੋਕਾਂ ਦੇ ਹਿੱਤਾਂ ਨੂੰ ਪਾਲਣ ਵਾਲੀ ਪਾਰਟੀ ਨਹੀਂ ਹੈ। ਉਹ ਹਰ ਮੌਕਾ ਵਰਤਕੇ ਆਪਣੀ ਸ਼ਕਤੀ ਤਕੜੀ ਕਰਕੇ ਸਾਡੀ ਮਿਹਨਤ ਲੁੱਟ ਕੇ, ਇਥੋਂ ਦੇ ਧਨਕੁਬੇਰਾਂ ਨੂੰ ਲੁਟਾਂ ਲੁਟਾਉਣੀਆਂ ਚਾਹੁੰਦੇ ਹਨ।

ਮੇਰੇ ਵੱਲੋਂ ਉਪਰੋਕਤ ਪ੍ਰਗਟ ਕੀਤੇ ਵਿਚਾਰ ਕਿਸੇ ਨੁਕਤਾਚੀਨੀ ਕਰਨ ਲਈ ਨਹੀਂ ਹਨ, ਸਗੋਂ ਨਾਨਕ ਸਰ ਦੇ ਪ੍ਰਬੰਧਕਾਂ ਵਲੋਂ ਆਪਣੇ ਹੀ ਇਕ ਉਚੇ-ਸੁੱਚੇ ਅਸੂਲ, ਕਿ ਰਾਜਨੀਤੀ ਤੇ ਧਰਮ ਵੱਖੋ ਵੱਖ ਹਨ, ਦੀ ਜਾਣੇ ਅਣਜਾਣੇ ਹੋਈ ਉਲੰਘਣਾ ਵਲ ਧਿਆਨ ਦੁਆਉਣ ਲਈ ਹੈ। ਅਗੋਂ ਤੋਂ ਧਰਮ ਨਿਰਪੱਖਤਾ ਦੇ ਇਸ ਅਸੂਲ ਦੀ ਪਾਲਣਾ ਦ੍ਰਿੜਤਾ ਨਾਲ ਕੀਤੀ ਜਾਣੀ ਚਾਹੀਦੀ ਹੈ।

**ਕੈਨੇਡਾ ਦਰਪਣ ਦੇ ਪਾਠਕਾਂ ਅਤੇ ਵਪਾਰੀ ਵੀਰਾਂ ਲਈ**

'ਕੈਨੇਡਾ ਦਰਪਣ' ਦੇ ਦਫ਼ਤਰ ਦਾ ਸਮਾਂ :
ਸੋਮਵਾਰ ਤੋਂ ਸ਼ੁਕਰਵਾਰ — 10 ਵਜੇ ਤੋਂ 5 ਵਜੇ ਸ਼ਾਮ

ਫੋਨ : 581-4473

**FLEXIBLE PREMIUM LIFE INSURANCE TAILOR-MADE**

To your needs which you can afford.

TOGETHER WE ARE STRONGER
NORTH AMERICAN LIFE

ਆਪਣੀਆਂ ਇਨਸ਼ੋਰੈਂਸ ਲੋੜਾਂ ਲਈ ਕਨਟੈਕਟ ਕਰੋ:

ਰਾਜ ਸਿੰਘ ਮਾਨ

- ਲਾਈਫ ਇੰਨਸ਼ੋਰੈਂਸ
- ਗਰੁਪ ਇੰਨਸ਼ੋਰੈਂਸ
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੈਂਸ

1507 - 330 Portage Avenue
Winnipeg, Manitoba R3C 0C4
Bus. 943-1526

INSURANCE FOR

- Personal
- Children
- Mortgage
- RRSP
- Group Insuranc & Annuities

ਤੁਹਾਨੂੰ ਚਾਰ ਸਾਲ ਤੋਂ ਵੱਧ ਪੈਸੇ ਦੇਣ ਦੀ ਲੋੜ ਨਹੀਂ

NORTH AMERICAN LIFE ASSURANCE CO.



Raj Singh Mann

# ਸਪੇਨ ਦਾ ਘਰੇਲੂ ਯੁੱਧ ਅਤੇ ਬੁੱਧੀਜੀਵੀ

## (ਪੰਜਾਹਵੀਂ ਬਰਸੀ ਨੂੰ ਸਮਰਪਣ)

**ਡਾ. ਰਘੁਬੀਰ ਢੰਡ**

ਉਪਰੋਕਤ ਸਿਰਲੇਖ ਵਿਚ 'ਘਰੇਲੂ ਸ਼ਬਦ' ਢੁੱਕਵਾਂ ਨਹੀਂ ਹੈ, ਕਿਉਂਕਿ ਦਸ ਲੱਖ ਵਿਅਕਤੀਆਂ ਨੂੰ ਨਿਗਲ ਅਤੇ ਦਸ ਲੱਖ ਨੂੰ ਜਲਾਵਤਨ ਕਰ ਦੇਣ ਵਾਲੀ ਇਸ ਖੂਨੀ ਜੰਗ ਦਾ ਫੈਸਲਾ ਘਰੇਲੂ ਸ਼ਕਤੀਆਂ ਦੀ ਪ੍ਰਸਪਰ ਟੱਕਰ ਨੇ ਨਹੀਂ ਸੀ ਕੀਤਾ। ਜੇ ਇੰਜ ਹੁੰਦਾ ਤਾਂ ਨੇਕੀ ਦੀਆਂ ਸ਼ਕਤੀਆਂ ਹਾਰ ਨਹੀਂ ਸਨ ਸਕਦੀਆਂ। ਫਾਸਿਸ਼ਟ ਫਰਾਂਕੋ ਦੀ ਅਗਵਾਈ ਵਿਚ ਲੜੀਆਂ ਬਦੀ ਦੀਆਂ ਤਾਕਤਾਂ ਦੀ ਜਿੱਤ ਦਾ ਮੁਖ ਕਾਰਣ ਹਿਟਲਰ ਦੇ ਜਰਮਨੀ, ਮਸੋਲੀਨੀ ਦੇ ਇਟਲੀ ਦੀ ਨੰਗੀ ਫੌਜੀ ਦਖਲਅੰਦਾਜ਼ੀ ਅਤੇ 'ਗੈਰ-ਦਖਲਅੰਦਾਜ਼ੀ' ਦਾ ਬੁਰਕਾ ਪਾਈ ਹੱਥ ਤੇ ਹੱਥ ਧਰੀ ਬੈਠੀਆਂ ਇੰਗਲੈਂਡ ਅਤੇ ਫਰਾਂਸ ਦੀਆਂ ਚਲਾਕ ਅਤੇ ਸਹਿਮੀਆਂ ਹੋਈਆਂ ਨਿਪੁੰਸਕ ਸਰਕਾਰਾਂ ਸਨ। ਨੇਕੀ ਦੀਆਂ ਸ਼ਕਤੀਆਂ ਦੇ ਹੱਕ ਵਿਚ ਜਿਹੜੀ ਸ਼ਕਤੀ ਨੇ ਅਮਲੀ ਰੂਪ ਵਿਚ ਆਪਣਾ ਯੋਗਦਾਨ ਪਾਇਆ, ਉਹ ਸ਼ਕਤੀ ਸੀ ਸੋਵੀਅਤ ਰੂਸ - ਜਿਸ ਦੇ ਯੋਗਦਾਨ ਤੋਂ ਬਿਨਾਂ ਸਪੇਨ ਦੇ ਲੋਕ ਇਸ ਖੂਨੀ ਜੰਗ ਨੂੰ 32 ਮਹੀਨੇ ਜਾਰੀ ਨਹੀਂ ਸਨ ਰਖ ਸਕਦੇ। ਅੰਤਰਰਾਸ਼ਟਰੀ ਦ੍ਰਿਸ਼ਟੀ ਕੋਣ ਤੋਂ ਸੋਵੀਅਤ ਰੂਸ, ਜਰਮਨੀ, ਇਟਲੀ, ਫਰਾਂਸ ਅਤੇ ਇੰਗਲੈਂਡ ਦੇ ਅਮਲਾਂ ਦਾ ਲੇਖਾ ਜੋਖਾ ਕਰਨਾ ਇਕ ਰਾਜਨੀਤਕ ਪ੍ਰਸ਼ਨ ਹੈ ਜਿਸ ਲਈ ਇਕ ਵੱਖਰੇ ਵਿਸਤ੍ਰਿਤ ਲੇਖ ਦੀ ਲੋੜ ਹੈ।

ਜੁਲਾਈ ਦੀ 18 ਤਾਰੀਕ ਨੂੰ ਸਪੇਨੀ ਯੁੱਧ ਦੇ ਆਰੰਭ ਨੂੰ ਪੰਜਾਹ ਸਾਲ ਹੋ ਗਏ ਹਨ। ਕਿੰਨੇ ਲੇਖਕਾਂ ਤੇ ਲੇਖਕ-ਸਭਾਵਾਂ ਨੇ ਇਸ ਦਿਨ ਦੀ ਯਾਦ ਵਿਚ ਮੀਟਿੰਗਾਂ ਤੇ ਜਲਸੇ ਕੀਤੇ, ਬਹੁਤਾ ਸੋਚਣਾ ਨਹੀਂ ਪਏਗਾ। ਜਵਾਬ ਹੋਵੇਗਾ : ਪੰਜਾਬੀ-ਪਿੜ ਵਿਚ ਸ਼ਾਇਦ ਕੋਈ ਵੀ ਨਹੀਂ। ਜਾਪਦਾ ਹੈ ਜਿਵੇਂ ਪੰਜਾਬੀ ਦੇ ਲੇਖਕਾਂ ਅਤੇ ਬੁੱਧੀਜੀਵੀਆਂ ਵਿਚ ਅੱਗ ਹੀ ਬੁੱਝਦੀ ਜਾ ਰਹੀ ਹੈ। ਅਸੀਂ ਸਵੈ-ਆਲੋਚਨਾ ਦੀ ਥਾਂ ਦੂਜਿਆਂ ਦੀ ਆਲੋਚਨਾ ਦੀ ਕਸਰਤ ਕਰਕੇ ਕਰਦੇ ਨਿੱਜਵਾਦ ਤੇ ਹਉਮੈ ਦੇ ਪੁਜਾਰੀ ਬਣ ਗਏ ਹਾਂ ਅਤੇ ਸੰਗਠਿਤ ਜੀਵਨ ਤੋਂ ਕਿਨਾਰਾਕਸ਼ੀ ਕਰਦੇ ਜਾ ਰਹੇ ਹਾਂ। ਆਓ, ਅੱਜ ਸਪੇਨੀ ਜੰਗ ਦੀ 50-ਵੀਂ ਬਰਸੀ ਦੇ ਮੌਕੇ 'ਤੇ ਆਪਣੇ ਬੁੱਧੀਜੀਵੀ ਤੇ ਲੇਖਕ ਭਰਾਵਾਂ ਨੂੰ ਯਾਦ ਕਰੀਏ ਜਿਨ੍ਹਾਂ ਨੇ ਸ਼ਾਨਦਾਰ ਸਾਹਿਤ ਹੀ ਨਹੀਂ ਰਚਿਆ, ਬਲਕਿ ਪੰਜਾਹ ਸਾਲ ਪਹਿਲਾਂ ਇਹ ਫੈਸਲਾ ਲਿਆ ਕਿ ਜੇ ਅਸੀਂ ਆਤਮਾ ਦੇ ਇੰਜਨੀਅਰ ਹਾਂ, ਜੇ ਸਪੇਨ ਵਿਚ ਆਤਮਾ ਨਸ਼ਟ ਕੀਤੀ ਜਾ ਰਹੀ ਹੈ ਤਾਂ ਉਸ ਨੂੰ ਬਚਾਉਣ ਲਈ ਰਣ-ਤੱਤੇ ਵਿਚ ਕੁਦਣਾ ਜ਼ਰੂਰੀ ਹੈ। .... ਤੇ ਉਹ ਗਏ, ਕੁੱਦੇ, ਜੂਝੇ ਅਤੇ ਮਰੇ। ਹਾਂ ਮਰੇ, ਸ਼ਹੀਦ ਨਹੀਂ ਹੋਏ। ਮਰਨ ਨਾਲ ਇਸ਼ਟ ਦੀ ਸ਼ਾਨ ਵਧਦੀ ਹੈ। ਪਰ ਸ਼ਹੀਦ ਗਰਦਾਨੇ ਜਾਣ ਨਾਲ ਨਿੱਜ ਦੀ ਨੁਮਾਇਸ਼ ਦੇ ਰੂਬਰੂ ਇਸ਼ਟ ਦੀ ਮਹੱਤਤਾ ਮਾਂਦ ਪੈ ਜਾਂਦੀ ਹੈ। ਸ਼ਹੀਦ ਤਾਰੀਖ ਸਿਰਜਣ ਲਈ ਪ੍ਰੇਰਨਾ ਬਣਦੇ ਹਨ, ਪਰ ਇਸ਼ਟ ਆਪਣੇ ਆਪ ਵਿਚ ਤਾਰੀਖ ਹੁੰਦਾ ਹੈ :

ਹਮ ਸੇ ਬੜ ਕਰ ਜ਼ਿੰਦਗੀ ਸੇ ਕੌਨ ਕਰਤਾ ਹੈ ਪਿਆਰ
ਔਰ ਜਬ ਮਰਨੇ ਪੇ ਆ ਜਾਏਂ ਤੋ ਮਰ ਜਾਤੇ ਹੈਂ ਹਮ (ਸਰਦਾਰ
(ਸਰਦਾਰ ਜਾਅਫਰੀ)

ਜਦੋਂ 18 ਜੁਲਾਈ ਨੂੰ ਫਰਾਂਕੋ ਦੀ ਫੌਜ ਨੇ ਲੋਕ-ਰਾਇ ਨਾਲ ਚੁਣੀ ਰੀਪਬਲੀਕਨ ਸਰਕਾਰ ਦਾ ਤਖਤਾ ਉਲਟਾਉਣ ਲਈ ਬਗਾਵਤ ਕੀਤੀ ਤਾਂ ਰੀਪਬਲੀਕਨਾਂ ਕੋਲ ਕੋਈ ਫੌਜ ਨਹੀਂ ਸੀ। ਐਨ ਉਸੇ ਸਮੇਂ ਵਾਲੰਟੀਅਰਾਂ ਦਾ ਹੜ੍ਹ ਆ ਗਿਆ। ਫਰਾਂਕੋ ਦੀ ਫੌਜੀ ਜੁੰਡਲੀ ਦੇ ਜਿੱਤ ਜਾਣ ਦੀ ਕੋਈ ਸੰਭਾਵਨਾ ਨਹੀਂ ਸੀ ਕਿਉਂਕਿ ਲੋਕ ਰੀਪਬਲੀਕਨ ਸਰਕਾਰ ਦੇ ਨਾਲ ਸਨ। ਪਰ ਫਰਾਂਕੋ ਹਰ ਕੀਮਤ ਤੇ ਜਿੱਤਣਾ ਚਾਹੁੰਦਾ ਸੀ ਭਾਵੇਂ ਉਸ ਨੂੰ ਅੱਧਾ ਸਪੇਨ ਵੀ ਕਿਉਂ ਨਾ ਮੌਤ ਦੇ ਘਾਟ ਉਤਾਰਨਾ ਪਏ। ਫਰਾਂਕੋ ਦੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਜਰਮਨੀ ਅਤੇ ਇਟਲੀ ਦੇ ਹਵਾਈ ਜਹਾਜ਼, ਟੈਂਕ ਅਤੇ ਫੌਜੀ ਆਏ ਜਿਨ੍ਹਾਂ ਦੀ ਗਿਣਤੀ ਵਧਦੀ ਵਧਦੀ ਤਿੰਨ ਲੱਖ ਤੀਕ ਪੁਜ ਗਈ। ਇਹ ਸਨ ਹਾਲਾਤ ਜਦੋਂ 54 ਮੁਲਕਾਂ ਤੋਂ ਆਜ਼ਾਦੀ ਦੇ ਵਾਲੰਟੀਅਰ ਆਏ ਅਤੇ 'ਇੰਟਰਨੈਸ਼ਨਲ ਬਰਗੇਡ' ਦੇ ਝੰਡੇ ਹੇਠ ਲੜੇ। ਇਸੇ ਪਰਚਮ ਨੂੰ ਲਹਿਰਾਂਦੇ ਹੋਏ ਬੁੱਧੀਜੀਵੀ ਅਤੇ ਲੇਖਕ ਜੂਝਣ ਅਤੇ ਮਰਨ ਆਏ। ਇਨ੍ਹਾਂ ਲਈ ਲੜਨਾ ਸੁਭਾਵਕ ਕਿੱਤਾ ਨਹੀਂ ਸੀ, ਫਰਜ਼ ਦੀ ਮਜਬੂਰੀ ਸੀ। ਡਰ ਵੀ ਸੀ ਜਿਸ 'ਤੇ ਕਾਬੂ ਪਾਉਣ ਲਈ ਉਨ੍ਹਾਂ ਨੇ ਗੀਤਾਂ ਤੇ ਸੰਗੀਤ ਦੀ ਸ਼ਰਨ ਲਈ। "ਜੇ ਡਰ ਲਗਦਾ ਹੈ ਤਾਂ ਗਾਓ !" ਅੰਗਰੇਜ਼ ਸੈਮ ਵਾਈਲਡ ਨੇ ਨਾਅਰਾ ਬੁਲੰਦ ਕੀਤਾ ਅਤੇ ਉਹ ਗਾਉਂਦੇ ਚਲੇ ਗਏ — ਬੈਠਿਆਂ ਵੀ, ਤੁਰਦਿਆਂ ਵੀ, ਲੜਦਿਆਂ - ਮਰਦਿਆਂ ਵੀ ਅਤੇ ਪਿਆਰੇ ਸਾਥੀਆਂ ਦੀ ਮੌਤ 'ਤੇ ਰੋਂਦਿਆਂ ਵੀ।

ਸਮੇਂ ਦੀ ਮੰਗ ਅਤੇ ਮਨੁੱਖਤਾ ਲਈ ਮੱਚਦੀ ਅੱਗ ਨੇ ਕਵੀਆਂ ਤੇ ਲੋਹੇ ਅਤੇ ਅੱਗ ਦੇ ਗੀਤ ਲਿਖਵਾਏ। ਸਪੇਨੀ ਕਵੀਆਂ ਨੇ ਅਮਲ ਵਿਚ ਸਾਬਤ ਕੀਤਾ ਕਿ ਸਪੇਨ ਦੇ ਅਸਲੀ ਦਰਿਆ ਤਾਂ ਉਸਦੇ ਸ਼ਾਇਰ ਹਨ। ਸਪੇਨ ਦੇ ਕਵੀਆਂ ਨੇ ਆਪਣੇ ਮਹਿਬੂਬ ਲੋਕਾਂ ਦਾ ਸਾਥ ਦਿੱਤਾ। ਸਾਰਿਆਂ ਦਾ ਜ਼ਿਕਰ ਕਰਨ ਲਈ ਤਾਂ ਇਕ ਵੱਡੀ ਕਿਤਾਬ ਲਿਖਣੀ ਪਏਗੀ। ਕੁਝ ਪ੍ਰਤੀਨਿਧ ਮਿਸਾਲਾਂ ਨਾਲ ਹੀ ਸਪੇਨੀ ਬੁੱਧੀਜੀਵੀਆਂ ਦਾ ਕਿਰਦਾਰ ਸਪਸ਼ਟ ਹੋ ਜਾਵੇਗਾ।

ਰਫੇਲ ਅਲਬਰਟੀ ਦਾ ਨਾਂ ਕੌਣ ਨਹੀਂ ਜਾਣਦਾ ? ਉਸ ਨੇ ਪ੍ਰੇਰਨਾ-ਲੱਦੇ ਵੀਰਤਾ ਦੇ ਗੀਤ ਲਿਖੇ ਅਤੇ ਉਨ੍ਹਾਂ ਨੂੰ ਬੈਰਕਾਂ ਅਤੇ ਮੋਰਚਿਆਂ 'ਤੇ ਜਾ ਜਾ ਸੁਣਾਇਆ। ਅਲਬਰਟੀ ਨੇ ਕਵਿਤਾ ਦਾ ਗੁਰੀਲਾ ਯੁੱਧ ਈਜਾਦ ਕੀਤਾ। ਉਸ ਦੀਆਂ ਕਵਿਤਾਵਾਂ ਸੁਣ ਆਜ਼ਾਦੀ ਦੇ ਪਰਵਾਨੇ ਅੱਗ ਉਗਲਦੀਆਂ ਤੋਪਾਂ ਦੀ ਕੜਕ ਨੂੰ ਵੀ ਸੁੰਨ ਕਰ ਦਿੰਦੇ ਸਨ। ਰਫੇਲ ਨੇ ਸਿੱਧ ਕੀਤਾ ਕਿ ਸੰਕਟ ਦੇ ਸਮੇਂ ਕਵਿਤਾ ਬਹੁਤ ਸਹਾਈ ਹੋ ਸਕਦੀ ਹੈ ਜੇ ਉਸ ਕਵਿਤਾ ਦੇ ਰਚਣਹਾਰੇ ਸ਼ਾਇਰ ਨੇ ਨਿਰਪੱਖਤਾ ਦੀ ਨਿਪੁੰਸਕਤਾ ਤਿਆਗ ਦਿਤੀ ਹੋਵੇ। ਸੱਚ ਕੋਈ ਪੱਕਿਆ ਹੋਇਆ ਕਲਮੀ ਅੰਬ ਨਹੀਂ ਹੁੰਦਾ ਕਿ ਜ਼ਰਾ ਕੁ ਅੱਡੀਆਂ ਚੁਕੋ ਤਾਂ ਤੋੜ ਲਵੋ। ਸੱਚ ਦੇ ਖੋਜੀ ਨੂੰ ਦ੍ਰਿੜਤਾ ਨਾਲ ਇਕ ਪੱਖ ਚੁਣਨਾ ਪੈਂਦਾ ਹੈ। ਰਫੇਲ ਅਲਬਰਟੀ ਇਸ ਤੱਥ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ।

ਨਿਰਸੰਦੇਹ ਇਹੀ ਕੁਝ ਲੋਰਕਾ ਨੇ ਧੁਰ ਤੀਕ ਕਰਨਾ ਸੀ, ਪਰ ਫਲੈਂਜਿਸਟਾਂ (ਫਰਾਂਕੋ ਦੇ ਫਾਸ਼ਿਸ਼ਟ ਜਿਨ੍ਹਾਂ ਨੂੰ ਫਰਵਰੀ ਦੀਆਂ ਆਮ ਚੋਣਾਂ ਵਿਚ ਇਕ ਵੀ ਸੀਟ ਨਹੀਂ ਸੀ ਮਿਲੀ) ਨੇ ਕਤਲ ਕਰ ਦਿਤਾ। ਲੋਰਕਾ ਬਾਰੇ ਪਾਬਲੋ ਨਰੂਦਾ ਨੇ ਆਖਿਆ ਸੀ: "ਲੋਰਕਾ ਸਪੇਨ ਦੇ ਸਾਰੇ ਸ਼ਾਇਰਾਂ ਨਾਲੋਂ ਵੱਧ ਪਿਆਰਿਆ ਤੇ ਚਾਹਿਆ ਜਾਣ ਵਾਲਾ ਸ਼ਾਇਰ ਸੀ। ਆਪਣੇ ਹਰ ਸਮੇਂ ਖੁਸ਼ ਰਹਿਣ ਵਾਲੇ ਸੁਭਾਉ ਤੋਂ ਉਹ ਬਿਲਕੁਲ ਇਕ ਬੱਚੇ ਵਰਗਾ ਮਾਸੂਮ ਜਾਪਦਾ ਸੀ। ਕੌਣ ਵਿਸ਼ਵਾਸ਼ ਕਰ ਸਕਦਾ ਸੀ ਕਿ ਉਸ ਦੇ ਆਪਦੇ ਗਰਨਾਡਾ ਵਿਚ ਵੀ ਅਜਿਹੇ ਰਾਖਸ਼ ਸਨ ਜਿਹੜੇ . ਇਹੋ ਜਿਹਾ ਅਣਕਲਪਿਆ ਪਾਪ ਕਰ ਸਕਦੇ ਹਨ !"

ਅੰਤ ਵਿਚ ਮਿਗੁਅਲ ਹਰਨੇਂਡੇਜ਼ ! ਇਹ ਭੇਡਾਂ ਦੇ ਇੱਜੜਾਂ ਦਾ ਮੁਸ਼ਤਾਕ ਸ਼ਾਇਰ ਅਲਬਰਟੀ ਅਤੇ ਲੋਰਕਾ ਦਾ ਗੂੜ੍ਹਾ ਮਿੱਤਰ ਸੀ। ਇਸ ਦਾ ਚਿਹਰਾ ਸਪੇਨ ਦਾ ਚਿਹਰਾ ਸੀ। ਫੌਜੀ ਵਰਦੀ ਪਾ ਮੋਰਚਿਆਂ 'ਤੇ ਕਵਿਤਾਵਾਂ ਸੁਣਾਂਦਾ ਸੀ। ਮੈਡਰਿਡ ਦੀ ਤਬਾਹੀ ਸਮੇਂ ਇਸ ਨੇ ਚਿੱਲੀ ਦੀ ਅੰਬੈਂਸੀ ਵਿਚ ਪਨਾਹ ਲਈ। ਪਰ ਚਿੱਲੀ ਦੀ ਐਂਬੈਸੀ ਜਿਸ ਨੇ ਫਰਾਂਕੋ ਦੇ ਚਾਰ ਹਜ਼ਾਰ ਫਾਸ਼ਿਸ਼ਟਾਂ ਨੂੰ ਪਨਾਹ ਦਿਤੀ ਸੀ, ਸਪੇਨ ਦੇ ਇਸ ਸੈਨ-ਚਿਲੇ ਸ਼ਾਇਰ ਨੂੰ ਪਨਾਹ ਦੇਣ ਤੋਂ ਮੁਨਕਰ ਹੋ ਗਈ। ਹਰਨੇਡੇਜ਼ ਫੜਿਆ ਗਿਆ। ਜੇਲ੍ਹ ਵਿਚ ਇਸ ਨੂੰ ਤਪਦਿਕ ਹੋ ਗਈ ਅਤੇ ਤਿੰਨ ਸਾਲ ਬਾਦ ਮਰ ਗਿਆ। ਪਿੰਜਰੇ ਵਿਚ ਬੁਲਬੁਲ ਸਹਿਕ ਸਹਿਕ ਜਾਨ ਤੋੜ ਗਈ।

ਬੌਧਿਕ ਸੰਸਾਰ ਦੇ ਇਤਿਹਾਸ ਵਿਚ ਕੋਈ ਅਜਿਹਾ ਸਾਕਾ, ਕੋਈ ਅਜਿਹੀ ਜੰਗ ਨਹੀਂ ਜਿਸ ਨੇ ਬੁੱਧੀਜੀਵੀਆਂ ਦੀ ਜ਼ਮੀਰ ਨੂੰ ਸਪੇਨੀ ਯੁੱਧ ਜਿੰਨੀ ਸ਼ਿੱਦਤ ਨਾਲ ਝੰਜੋੜਿਆ ਹੋਵੇ। ਦੂਜਾ ਮਹਾਂ ਯੁੱਧ ਆਪਣੇ ਇੰਨੇ ਫੈਲਾਉ ਅਤੇ ਬਰਬਾਦੀ ਦੇ ਬਾਵਜੂਦ ਬੁੱਧੀਜੀਵੀਆਂ ਨੂੰ ਸਪੇਨੀ ਯੁੱਧ ਜਿੰਨਾ ਸਮੂਹਕ ਰੂਪ ਵਿਚ ਪ੍ਰੇਰਿਤ, ਸੰਗਠਿਤ ਅਤੇ ਕਰਮਸ਼ੀਲ ਨਹੀਂ ਕਰ ਸਕਿਆ। ਇਸ ਲਈ ਨਹੀਂ ਕਿ ਸਪੇਨੀ ਜੰਗ ਵਿਚ ਕਿਸੇ ਰਾਜਨੀਤਕ ਆਦਰਸ਼ ਜਾਂ ਕੌਮੀ ਹਿੱਤ ਦੀ ਬਾਜ਼ੀ ਲੱਗੀ ਹੋਈ ਸੀ, ਬਲਕਿ ਇਸ ਲਈ ਕਿ ਤਾਰੀਖ ਇਕ ਅਜਿਹੀ ਦੰਦੀ 'ਤੇ ਆ ਖਲੋਤੀ ਸੀ ਜਿਥੇ ਮਨੁੱਖ ਜਾਤੀ ਦੀਆਂ ਖੂਬਸੂਰਤ ਕਦਰਾਂ-ਕੀਮਤਾਂ ਅਤੇ ਮਨੁੱਖ ਜਾਤੀ ਦੀ ਆਪਣੀ ਕਿਸਮਤ ਖਤਰੇ ਵਿਚ ਪੈ ਗਈ ਸੀ। ਬੁੱਧੀਜੀਵੀਆਂ ਦਾ ਰਾਜਨੀਤਕ ਅਤੇ ਨਿੱਜੀ ਖਾਸਾ ਜਿਹੋ ਜਿਹਾ ਮਰਜ਼ੀ ਹੋਵੇ ਉਹ ਅਜਿਹੇ ਖਤਰੇ ਨੂੰ ਚੁਪਚਾਪ ਨਹੀਂ ਜਰ ਸਕਦੇ; ਤਾਂਹੀਉਂ ਤਾਂ ਉਹ ਕਲਾਕਾਰ ਹੁੰਦੇ ਹਨ। 1930 ਦੇ ਤਕਰੀਬਨ ਸਾਰੇ ਬੁੱਧੀਜੀਵੀਆਂ ਨੇ ਸਪੇਨੀ ਲੋਕਾਂ ਨਾਲ ਆਪਣੀ ਇਕਮੁੱਠਤਾ ਪ੍ਰਗਟ ਕੀਤੀ।

3 ਅਗਸਤ 1936 ਨੂੰ ਮਾਸਕੋ ਦੇ ਲਾਲ ਚੌਕ ਵਿਚ 120,000 ਲੋਕ ਸਪੇਨੀ ਲੋਕਾਂ ਨਾਲ ਆਪਣੀ ਇਕਮੁੱਠਤਾ ਜ਼ਾਹਿਰ ਕਰਨ ਲਈ ਇਕੱਠੇ ਹੋਏ। ਉਨ੍ਹਾਂ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਪ੍ਰਸਿੱਧ ਨਾਵਲ ਮਰਜੀਵੜੇ (ਯੰਗ ਗਾਰਡ) ਦਾ ਕਰਤਾ ਫਦਾਯੇਵ ਅਤੇ ਵਿਦਵਾਨ ਏ. ਫਰਸਮੈਨ ਵੀ ਸ਼ਾਮਿਲ ਸਨ।

ਅਕਤੂਬਰ 1936 ਵਿਚ ਸੋਵੀਅਤ ਰੂਸ ਨੇ ਸ਼ਰੇ-ਆਮ ਐਲਾਨ ਕੀਤਾ ਕਿ ਉਹ ਸਪੇਨ ਨੂੰ ਇਟਲੀ ਅਤੇ ਜਰਮਨੀ ਦੇ ਬਘਿਆੜਾਂ ਦੇ ਰਹਿਮ 'ਤੇ ਨਹੀਂ ਛੱਡੇਗਾ। ਸ਼ੁਕਰਾਨੇ ਵਜੋਂ 10 ਅਕਤੂਬਰ 1936 ਨੂੰ ਰੋਮਾਂ ਰੋਲਾਂ, ਪਿਕਾਸੋ, ਲੂਈਸ ਐਰਾਗਨ ਅਤੇ ਪਾਲ ਲੈਂਜੇਵਨ ਨੇ ਸੋਵੀਅਤ ਵਿਦੇਸ਼ੀ ਕਾਮਿਸਾਰ ਨੂੰ ਇਕ ਖਤ ਵਿਚ ਆਖਿਆ : "ਸੋਵੀਅਤ ਰੂਸ ਨੇ ਸੰਸਾਰ ਦੀ ਜ਼ਮੀਰ ਦੀ ਆਵਾਜ਼ ਨੂੰ ਸੁਣਿਆ ਹੈ ਅਤੇ ਇਨਸਾਫ, ਗੌਰਵ ਅਤੇ ਅਮਨ ਵਰਗੇ ਅਮਰ ਅਸੂਲਾਂ ਦੀ ਰਾਖੀ ਕੀਤੀ ਹੈ।" ਯੂਰਪ ਅਤੇ ਅਮਰੀਕਾ ਦੇ ਬੇਅੰਤ ਬੁੱਧੀਜੀਵੀਆਂ ਨੇ ਇਸ ਖਤ ਦਾ ਸਮਰਥਨ ਕੀਤਾ।

ਕੌਣ ਨਹੀਂ ਜਾਣਦਾ ਇਲੀਆ ਐਹਰਨਬਰਗ ਅਤੇ ਕਿਲਟਸੋਵ ਨੂੰ, ਜਿਨ੍ਹਾਂ ਦੇ ਨਾਂ ਸਪੇਨੀ ਜੰਗ ਨਾਲ ਇਕਮਿਕ ਹੋ ਗਏ ਹਨ। ਕਿਲਟਸੋਵ ਦੀ 'ਸਪੇਨੀ ਡਾਇਰੀ' ਇਸ ਦਾ ਜੀਂਦਾ ਜਾਗਦਾ ਇਤਿਹਾਸ ਹੈ, ਜਿਸ ਵਿਚ ਸਪੇਨੀ ਲੋਕਾਂ ਦੀ ਵੀਰਤਾ, ਉਨ੍ਹਾਂ ਦੀਆਂ ਚਿੰਤਾਵਾਂ ਅਤੇ ਸੁਪਨੇ ਸਾਕਾਰ ਕੀਤੇ ਪਏ ਹਨ ਸ਼ਾਨਦਾਰ ਰਿਪੋਰਟਾਂ ਹੈਮਿੰਗਵੇ ਨੇ ਵੀ ਸਪੇਨ ਵਿਚੋਂ ਭੇਜੀਆਂ। ਸਪੇਨੀ ਜ਼ਖਮ ਉਸ ਦੇ ਧੁਰ ਅੰਦਰ ਤੀਕ ਲਹਿ ਗਿਆ ਸੀ। ਜਰਮਨੀ ਅਤੇ ਇਟਲੀ ਵਲੋਂ ਵਰ੍ਹਾਈ ਅੱਗ ਵਿਚੋਂ ਹੈਮਿੰਗਵੇ ਨੂੰ ਸਿਰਫ ਸਪੇਨ ਹੀ ਨਹੀਂ, ਸਾਰਾ ਸੰਸਾਰ ਜਲਦਾ ਨਜ਼ਰ ਆਇਆ ਅਤੇ ਉਸ ਦੀ ਭਵਿਖਬਾਣੀ ਬਿਲਕੁਲ ਸੱਚੀ ਨਿਕਲੀ। ਉਸ ਨੇ 'ਫਾਰ ਹੂਮ ਦਾ ਬੈਲੱਟੋਲਜ਼' ਲਿਖਿਆ ਤਾਂ ਸਪੇਨੀ ਯੁੱਧ ਬਾਰੇ ਸੀ ਪਰ ਸਪੱਸ਼ਟ ਇਹ ਹੋਇਆ ਕਿ ਇਹ ਘੰਟੀਆਂ ਆਉਣ ਵਾਲੇ ਦੂਜੇ ਮਹਾਂ ਯੁੱਧ ਦੀ ਮਹਾਂ ਪਰਲੋ ਦੀਆਂ ਸੂਚਕ ਹਨ। ਸਚਮੁਚ ਸਪੇਨੀ ਜੰਗ ਦੂਜੇ ਮਹਾਂ ਯੁੱਧ ਦੀ ਪਹਿਲੀ ਲੜਾਈ ਅਤੇ ਰੀਹਰਸਲ ਸੀ।

ਪੰਜਾਬੀ ਦਾ ਕੋਈ ਹੀ ਬੁੱਧੀਜੀਵੀ ਹੋਵੇਗਾ ਜਿਸ ਨੇ ਦੋ ਸ਼ਾਨਦਾਰ ਕਿਤਾਬਾਂ ਪੜ੍ਹੀਆਂ ਜਾਂ ਸੁਣੀਆਂ ਨਾ ਹੋਣ : 'ਇਲਿਊਯਨ ਐਂਡ ਰੀਐਲਿਟੀ' ਅਤੇ 'ਦਾ ਨਾਵਲ ਐਂਡ ਦਾ ਪੀਪਲ' ... ਕ੍ਰਮਵਾਰ ਕ੍ਰਿਸਟੋਫਰ ਕੌਡਵੈਲ ਅਤੇ ਰੈਲਫ ਫੌਕਸ ਰਚਿਤ ਇੰਨ੍ਹਾਂ ਨੇ ਕਲਮਾਂ ਦੀ ਥਾਂ ਬੰਦੂਕਾਂ ਫੜੀਆਂ ਅਤੇ ਸਪੇਨ ਦੀ ਧਰਤੀ 'ਤੇ ਆਪਣੀਆਂ ਜਾਨਾਂ ਵਾਰ ਕੌਮਾਂਤਰੀ ਪਰਚਮ ਨੂੰ ਆਪਣੇ ਲਹੂ ਨਾਲ ਰੰਗ ਦਿਤਾ। ਕੌਡਵੈਲ ਅਤੇ ਫੌਕਸ ਬੁੱਧੀਜੀਵੀਆਂ ਅਤੇ ਲੇਖਕਾਂ ਦੇ ਕੌਮਾਂਤਰੀ ਖਾਸੇ ਅਤੇ ਕਿਰਦਾਰ ਦੀ ਤਾਰੀਖੀ ਮਿਸਾਲ ਹਨ :

ਜਬ ਘੁਲੀ ਤੇਰੀ ਰਾਹੋ ਮੇਂ ਸ਼ਾਮੇ-ਸਿਤਮ
ਹਮ ਚਲੇ ਆਏ ਲਾਏ ਜਹਾਂ ਤਕ ਕਦਮ (ਫੈਜ਼)

ਪਾਬਲੋ ਨਰੂਦਾ ਦਾ ਨਾਂ ਤਾਂ ਸਪੇਨੀ ਜੰਗ ਨਾਲ ਅਟੁੱਟ ਤੌਰ 'ਤੇ ਜੁੜਿਆ ਹੋਇਆ ਹੈ। ਕਿਵੇਂ ਨਰੂਦਾ ਦੇ ਮੂੰਹੋਂ ਹੀ ਸੁਣੀਏ :

"ਜਦੋਂ ਪਹਿਲੀਆਂ ਗੋਲੀਆਂ ਸਪੇਨ ਦੀਆਂ ਗਿਟਾਰਾਂ ਨੂੰ ਪਾੜ ਕੇ ਅੰਦਰ ਲੰਘੀਆਂ, ਜਦੋਂ ਗੀਤਾਂ ਦੀ ਥਾਂ ਉਨ੍ਹਾਂ ਵਿਚੋਂ ਲਹੂ ਦੇ ਪਰਨਾਲੇ ਵਹਿਣ ਲੱਗੇ ਉਦੋਂ ਮੇਰੀ ਕਵਿਤਾ ਮਨੁੱਖੀ ਪੀੜ ਦੀਆਂ ਗਲੀਆਂ ਵਿਚ ਇਕ ਭੂਤ ਵਾਂਗ ਲਾਸ਼ ਬਣ ਕੇ ਖਲੋ ਗਈ। ਉਦੋਂ ਮੇਰੀ ਰਾਹ ਹਰ ਮਨੁੱਖ ਦੀ ਰਾਹ ਹੋ ਨਿਬੜੀ। ਅਚਾਨਕ ਮੈਨੂੰ ਲੱਗਿਆ ਜਿਵੇਂ ਮੈਂ ਦੱਖਣ ਦੀ ਇਕਾਂਤ ਨੂੰ ਤਿਆਗ ਉਤਰ ਵੱਲ ਕੂਚ ਕਰ ਗਿਆ ਹੋਵਾਂ, ਜਿਹੜਾ ਕਿ ਲੋਕਾਂ ਦਾ ਪ੍ਰਤੀਕ ਸੀ। ਲੋਕ, ਜਿਨ੍ਹਾਂ ਲਈ ਮੇਰੀ ਨਿਰਮਾਣ ਕਵਿਤਾ ਰੁਮਾਲ ਅਤੇ ਤਲਵਾਰ ਬਣਨਾ ਲੋਚਦੀ ਸੀ ਤਾਂ ਕਿ ਉਹ ਇਸ ਨਾਲ ਆਪਣੇ ਘੋਰ ਦੁੱਖਾਂ ਦਾ ਮੁੜ੍ਹਕਾ ਪੂੰਝ ਸਕਣ ਅਤੇ ਰੋਟੀ ਦੇ ਸੰਘਰਸ਼ ਵਿਚ ਇਸ ਨੂੰ ਹਥਿਆਰ ਬਣਾ ਸਕਣ !"

ਇਸ ਜੰਗ ਸਮੇਂ ਪਾਬਲੋ ਨਰੂਦਾ ਮੈਡਰਿਡ ਵਿਚ ਚਿੱਲੀ ਦਾ ਕਾਂਸਲ ਸੀ। ਜਦੋਂ ਮੈਡਰਿਡ 'ਤੇ ਅੰਨ੍ਹੇ-ਵਾਹ ਅਤੇ ਬੇਕਿਰਕ ਬੰਬਾਰੀ ਹੋਈ ਤਾਂ ਨਰੂਦਾ ਤੜਫ ਉਠਿਆ ਅਤੇ ਉਸ ਨੇ ਆਪਣੀ ਅਮਰ ਕਵਿਤਾ 'ਆਈ ਐਮ ਇਕਸਪਲੇਨਿੰਗ ਏ ਫਿਊ ਥਿੰਗਜ਼' ਰਚੀ, ਜਿਸਦੀਆਂ ਕੁਝ ਸਤਰਾਂ ਹੇਠਾਂ ਪੇਸ਼ ਹਨ। ਪਹਿਲਾਂ ਉਹ ਦੋ ਸਤਰਾਂ ਜਿਨ੍ਹਾਂ ਨੂੰ ਪੜ੍ਹ ਰੂਸੀ ਸ਼ਾਇਰ ਯਵਤੰਸ਼ਕੂ ਨੇ ਆਖਿਆ ਸੀ ਕਿ ਜੇ ਨਰੂਦਾ ਕੁਝ ਹੋਰ ਨਾ ਵੀ ਲਿਖਦਾ ਤਾਂ ਵੀ ਇਨ੍ਹਾਂ ਦੋ ਸਤਰਾਂ ਨੇ ਉਸ ਨੂੰ ਅਮਰ ਕਰ ਦੇਣਾ ਸੀ। ਸਤਰਾਂ ਹਨ :

And the blood of the children ran through the
streets
Without fuss, like children's blood!

ਇਸ ਨਜ਼ਮ ਦੀਆਂ ਆਖਰੀ ਸਤਰਾਂ ਵੇਖੋ :

Come and see the blood in the streets.
Come and see
the blood in the streets.
Come and see the blood
in the streets!

ਕੇਵਲ ਕਵਿਤਾਵਾਂ ਹੀ ਨਹੀਂ, ਨਰੂਦਾ ਆਪਣੀ ਨੌਕਰੀ ਤੋਂ ਹੱਥ ਧੋ ਬੈਠਾ। ਉਹ ਪੈਰਿਸ ਵਿਚ ਆਇਆ। ਉਹਦੀਆਂ ਅਤੇ ਐਰਾਗਨ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ 1937 ਵਿਚ ਮੈਡਰਿਡ ਵਿਚ ਐਂਟੀ-ਫਾਸ਼ਿਸ਼ਟ ਲੇਖਕ ਕਾਨਫਰੰਸ ਹੋਈ। ਸਾਹਿਤ ਦੇ ਇਤਿਹਾਸ ਵਿਚ ਕਦੀ ਵੀ ਇੰਨੇ ਲੇਖਕਾਂ ਨਾਲ ਲੱਦੀ ਗੱਡੀ ਪੈਰਿਸ ਤੋਂ ਮੈਡਰਿਡ ਨੂੰ ਨਹੀਂ ਸੀ ਚੱਲੀ।

ਜਿਹੜੇ ਬੁੱਧੀਜੀਵੀ ਆਪਣੇ ਦੇਸ਼ਾਂ ਦੀਆਂ ਜ਼ਾਲਮ ਸਰਕਾਰਾਂ ਦੀਆਂ ਜੇਲ੍ਹਾਂ ਵਿਚ ਸੜ ਰਹੇ ਸਨ, ਸਪੇਨ ਵਿਚ ਮਨੁੱਖੀ ਕਦਰਾਂ ਦੇ ਕਤਲ ਨੂੰ ਜਰ ਨਹੀਂ ਸਨ ਸਕੇ। ਇਸ ਲੜੀ ਦਾ ਪ੍ਰਤੀਨਿਧ ਨਾਂ ਤੁਰਕ ਕਵੀ ਨਾਜ਼ਿਮ ਹਿਕਮਤ ਸੀ। ਉਸ ਦੀ ਇਕ ਅਮਰ ਕਵਿਤਾ ਮੈਡਰਿਡ ਦੇ ਮੁੱਖ ਦਰਵਾਜ਼ੇ ਅੱਗੇ ਆਪਣੀ ਆਖਰੀ ਗੋਲੀ ਦਾਗ ਰਹੇ ਨੌਜਵਾਨ ਨੂੰ ਸੰਬੋਧਨ ਹੈ। ਉਹ ਕਹਿੰਦਾ ਹੈ ਕਿ ਕੈਦ ਵਿਚ ਹੋਣ ਕਰਕੇ ਮੈਂ ਤੇਰੇ ਕੋਲ ਆਉਣ ਤੋਂ ਮਜ਼ਬੂਰ ਹਾਂ। ਤੇਰੇ ਠਰ ਰਹੇ ਨੰਗੇ ਪੈਰਾਂ ਲਈ ਜਰਾਬਾਂ ਦਾ ਜੋੜਾ ਵੀ ਨਹੀਂ ਭੇਜ ਸਕਦਾ। ਪਰ ......

I know
all great ideals, all beautiful things
and whatever else man may create,
that aweful longing, that nostalgia in me—
they all exist only in the eyes
of the sentinel at the gate of Madrid
and I can do nothing but love him
today, tonight and tomorrow.

30 ਮਾਰਚ 1939 ਨੂੰ ਮੈਡਰਿਡ ਨੂੰ ਸਰ ਕਰਕੇ ਫਾਸ਼ਿਸ਼ਟ ਫਰਾਂਕੋ ਨੇ ਸਪੇਨ 'ਤੇ ਕਬਜ਼ਾ ਕਰ ਲਿਆ ਅਤੇ ਉਸ ਨੇ ਮਜ਼ਦੂਰ ਜਥੇਬੰਦੀਆਂ, ਲੋਕ ਲਹਿਰਾਂ ਅਤੇ

ਬਾਕੀ ਪੰਨਾ 14 ਉਤੇ

ALLWAYS TRAVEL

IATA
APPOINTED AGENCY



- For Travel Around the World
- Complete Travel Arrangements

ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੋਵੇ ਤਾਂ ਆਲਵੇਜ਼ ਟਰੈਵਲ
ਤੇ ਆਓ !
ਸਾਡੇ ਕੋਲ ਟਰੈਵਲ ਦੀਆਂ ਪੂਰੀਆਂ ਸੇਵਾਵਾਂ ਹਨ

Book Your Reservation Now For
SUMMER SPECIAL FARE
To INDIA, PAKISTAN, FIJI & LONDON etc.
ਗਰਮੀਆਂ ਵਿਚ ਇੰਡੀਆ, ਪਾਕਿਸਤਾਨ, ਫੀਜ਼ੀ ਜਾਂ ਲੰਡਨ ਜਾਣ ਲਈ
ਸਪੈਸ਼ਲ ਕਿਰਾਏ ਲਈ ਆਪਣੀ ਬੁਕਿੰਗ ਕਰਾਓ

For more information : Ph. 875-1441
3657 Main St. (20th Ave.) Vancouver, B.C. V5V 3N6

# ਇਕ ਕਵਿਤਾ ਮੋਏ ਸੁਪਨਿਆਂ ਦੀ

**ਜਗਤਾਰ ਢਾਅ**

(ਦੂਜਾ ਹਿਸਾ)

ਆਪੋ ਆਪਣੇ "ਪਰੀ ਦੇਸ" ਸਾਹਵੇਂ
ਸੱਪ ਦੇ ਕੁੰਜ ਉਤਾਰਨ ਵਾਂਗੂੰ
ਸਾਰੇ ਸੁਪਨੇ ਗਏ ਉਤਾਰੇ
ਨਿਜੀ ਖੁਸ਼ਹਾਲੀ ਦਾ ਸੁਪਨਾ
ਹੋਇਆ ਜਦ ਵੀ ਭਾਰੂ
ਆਪਣੇ ਹੱਥੀਂ ਸਭਨਾਂ ਆਪੇ
ਸੁਪਨੇ ਭੁਖੇ ਢਿਡ ਦੇ ਮਾਰੇ ।

ਪਰ "ਪਰੀ ਦੇਸ" ਦਾ
ਭਰਮ ਬਣਾਈ ਰਖਣ ਲਈ ਵੀ ਤਾਂ
ਸਟਰੀਟ ਲਾਈਟਾਂ ਦੀ ਲੋਅ ਵਿਚ
ਕੰਮਾਂ ਨੂੰ ਜਾਣਾਂ ਹੁੰਦਾ
ਤੇ ਸਟਰੀਟ ਲਾਈਟਾਂ ਦੀ ਲੋਅ ਵਿਚ
ਕੰਮਾਂ ਤੋਂ ਮੁੜ ਆਣਾ ਹੁੰਦਾ ।

ਢਿਡ ਨੂੰ ਹਰਾ ਰਖਣ ਲਈ ਏਥੇ
ਚੌਗਿਰਦੇ ਫੈਲੀ ਨਸਲੀ ਬੂ ਨੂੰ
ਜਰਨਾ ਪੈਂਦਾ
ਮਿਠੀ ਰੋਟੀ ਅੰਦਰ ਕਰਨ ਲਈ
ਕੌੜੇ ਪਾਣੀ ਦਾ ਘੁੱਟ ਭਰਨਾ ਪੈਂਦਾ ।

ਮਮਤਾ ਦੇ ਕੂਲੇ ਫੁੱਲਾਂ ਨੂੰ
ਜੋਕਾਂ ਵਾਂਗੂੰ ਤੋੜ ਛਾਤੀ ਨਾਲੋਂ
ਬੇਬੀ ਸਾਈਂਡਰ ਦੇ ਘਰ ਸੁਟਕੇ
ਘੜੀ ਦੀਆਂ ਸੂਈਆਂ ਦੀ ਸੂਲੀ
ਨਿਤ ਦਿਹਾੜੇ ਚੜ੍ਹਨਾ ਪੈਂਦਾ ।

ਛੱਤ ਉਤੇ ਧੁੱਪ ਕਦੋਂ
ਪੈਲ ਪਾਏ
ਉਸਦੀ ਕੋਈ ਸਾਰ ਨਹੀਂ ਹੁੰਦੀ —
ਛੱਤ ਦੇ ਹੇਠ
ਬੀਮਾਰ ਰੌਂਘਦੀ ਰੌਸ਼ਨੀ ਅੰਦਰ
ਹਰ ਅੱਖ ਬੀਮਾਰ ਹੈ ਹੁੰਦੀ ।

ਦੇਸ ਆਪਣੇ
ਮਰਦ ਪਰਾਏ ਅੱਗੇ
ਨਹੀਂ ਸੀ ਜੋ ਘੁੰਡ ਉਠਾਉਂਦੀਆਂ
ਏਥੇ ਕੰਮਾਂ ਉਤੇ
ਰੁਜ਼ਗਾਰ ਖਾਤਰ
ਫੋਰਮੈਨ ਦੇ ਗੰਦੇ ਹੱਥ ਦਾ
ਹੋਣ ਚਾਹੇ ਦਿਲੋਂ ਬੁਰਾ ਮਨਾਉਂਦੀਆਂ
ਪਰ ਚਿਹਰੇ ਉਤੇ ਮੁਸਕਾਣ ਲਿਆਉਂਦੀਆਂ ।

ਕੰਮਾਂ ਤੋਂ ਕਢੇ ਜਾਣ ਦਾ ਡਰ
ਅਜ ਕਲ੍ਹ ਏਥੇ ਇਉਂ ਘੁਮਾਵੇ
ਜਿਉਂ ਬਾਂਦਰ ਦੀ ਪੂਛ ਨੂੰ ਕੋਈ
ਅੱਗ ਲਾ ਜਾਵੇ ।

ਸਾਰਾ ਦਿਨ ਮਸ਼ੀਨਾਂ ਉਤੇ
ਝੁਕੇ ਲਕਾਂ ਦਾ ਦਰਦ ਤਾਂ ਰਾਤੀਂ
ਨਿਘੇ ਕੂਲੇ ਬਿਸਤਰਿਆਂ ਵਿਚ
ਰੁਕ ਸਕਦਾ ਹੈ —
ਪਰ ਦਿਨ ਭਰ
ਫੇਫੜਿਆਂ ਅੰਦਰ ਉਤਰਦੇ ਰਹੇ
ਨਸਲੀ ਨਫਰਤ ਦੇ ਧੂਏਂ ਨਾਲ
ਬਿਸਤਰਿਆਂ 'ਚ ਵੀ ਦਮ ਘੁਟਦਾ ਹੈ ।

ਜਿੰਨ੍ਹਾਂ ਸੁਪਨਿਆਂ ਦੀ ਪਨੀਰੀ
ਆਪਣੀਆਂ ਸੋਚਾਂ ਦੀ ਮਿਟੀ 'ਚ ਸੀ
ਅਸੀਂ ਉਗਾਈ
ਉਨ੍ਹਾਂ ਨੂੰ ਇਸ ਦੇਸ ਦੀ ਮਿਟੀ
ਰਾਸ ਨਾ ਆਈ
ਇਸ ਦੇਸ ਆ ਉਹ ਮੁਰਝਾਈ ।

ਹਾਂ ਪਰ ਹਾਲੇ
ਲੋੜਾਂ ਦਾ ਟੋਆ ਭਰਦਾ ਜਰੂਰ
ਰਜਵੀਂ ਰੋਟੀ ਦਾ ਵੀ
ਰਹਿੰਦਾ ਸਰੂਰ
ਤੇ ਥੋੜਾਂ ਬਹੁਤ
ਜਿਸਮਾਨੀ ਸੁਖਾਂ ਦੀ ਵੀ
ਰਹਿੰਦਾ ਗਰੂਰ ।

ਪਰ ਸਭਨਾਂ ਦੀਆਂ
ਬਿਨ ਚੰਦ ਤਾਰਿਆਂ
ਰਾਤ ਵਰਗੀਆਂ ਰੂਹਾਂ
ਤਨਹਾਈ ਦੀ ਦਲਦਲ 'ਚ ਫਸੀਆਂ
ਜਿੰਦਗੀ ਦੀਆਂ ਪੌਣਾਂ
ਪੰਛੀਆਂ ਦੇ ਪ੍ਰਭਾਤ ਗੀਤਾਂ ਨਾਲ ਨਹੀਂ ਸਜੀਆਂ
ਇਹ ਪੌਣਾਂ ਤਾਂ
ਪਤਝੜ ਮਾਰੇ ਪੱਤਿਆਂ ਨਾਲ ਲੱਦੀਆਂ
ਇਧਰ ਉਧਰ ਫਿਰਦੀਆਂ ਭੱਜੀਆਂ ।

ਪਰ ਇਹ ਕਿਉਂ ਏ ਹੁੰਦਾ ਯਾਰੋ
ਕਿ ਪੱਛਮ ਦੀ ਕਾਲਖ ਦੇ ਸੌਦਾਗਰ
ਪੂਰਬ ਦੀ ਲਾਲੀ ਚੱਟ ਜਾਂਦੇ
ਤੇ ਪੂਰਬ ਦੇ ਨ੍ਹੇਰੇ ਨੂੰ ਭੋਗਦੇ ਸੁਪਨੇ
ਆਪਣਾ ਸੂਰਜ ਚਾੜ੍ਹਨ ਦੀ ਥਾਂ
ਪੱਛਮ ਦੀਆਂ ਰੋਗਣ ਰੌਸ਼ਨੀਆਂ ਦੇ
ਕੱਚੇ ਰੰਗ
ਆ ਆਪਣੇ ਪਿੰਡਿਆਂ ਉਤੇ ਲਾਂਦੇ ।

ਤੇ ਇਨ੍ਹਾਂ ਦਿਲਕਸ਼ ਬੀਮਾਰ ਰੋਸ਼ਨੀਆਂ ਦੀ ਭੀੜ 'ਚ
ਅਸੀਂ ਜਦ ਆਪਾ ਗੁਆਉਂਦੇ
ਸਾਡੇ ਅੰਦਰ
ਮਰਦੇ ਸਾਡੇ ਸੁਪਨੇ ਕੁਰਲਾਉਂਦੇ ।

ਤੇ ਹੁਣ ਪ੍ਰਦੇਸੀਂ
ਬੀਮਾਰ ਰੌਸ਼ਨੀਆਂ 'ਚ ਭਟਕਦਿਆਂ
ਸਾਡੀ ਰੂਹ ਨਾਲ
ਮੋਏ ਸੁਪਨਿਆਂ ਦੀਆਂ ਲਾਸ਼ਾਂ ਲਟਕਣ ਇਉਂ
ਕਿਸੇ ਰੁਖ ਸੰਗ
ਘਰ ਬਿਜੜਿਆਂ ਦੇ ਲਟਕਣ ਜਿਉਂ ।

ਇਸੇ ਲਈ ਅਜ ਇਹ ਕਵਿਤਾ ਮੈਂ
ਉਨ੍ਹਾਂ ਮੋਏ ਸੁਪਨਿਆਂ ਨਾਮ ਕਰਨੀ
ਜਿੰਨ੍ਹਾਂ ਸੀ ਸਾਡੇ ਦਿਲ ਧੜਕਾਏ
ਔੜ ਮਾਰੀ ਰੂਹ ਸਾਡੀ ਉਤੇ
ਘਟਾ ਵਾਂਗੂੰ ਸੀ ਚੜ੍ਹ ਮੁਸਕਾਏ
ਪਰ ਨਾ ਸਾਡੀ ਮਿਟੀ ਉਤਰੇ
ਰਹਿ ਗਏ ਅਸੀਂ ਕਣ ਕਣ ਤਿਰਹਾਏ ।




ਆਪਣੇ ਵਪਾਰ ਵਿਚ ਵਾਧੇ ਲਈ 'ਕੈਨੇਡਾ ਦਰਪਣ'
ਨੂੰ ਫੋਨ ਕਰੋ :
581-4473
(ਦਫਤਰ ਦਾ ਸਮਾਂ 10.00 ਤੋਂ 5 ਵਜੇ ਤੱਕ)

**ਕਰਤਾਰ ਫੋਟੋ ਸਟੂਡੀਓ**
**1 HOUR PHOTO SERVICE**
**KARTAR PHOTO STUDIO**
**4279 - Fraser St. (27th Ave.)**
**Vancouver, B.C.**
**We Do Passport, 5 Mins. Service,**
**Portrait Photos & Weddings**
**Off; 872-6060**



**D.P. Pandia & Associates**
**Immigration Consultants**
**Serving the Community Since 1939**
**Ph. (604) 684-3716 or 684-8601**
# 61 - 553 Granville St., Vancouver, B.C.

# ਅੰਮ੍ਰਿਤਸਰ ਸਿਫਤੀ ਦਾ ਘਰ

## ਗਿਆਨੀ ਗੁਰਦੇਵ ਸਿੰਘ ਲਲਤੋਂ (ਲੁਧਿਆਣਾ)



ਜੇ ਸਿੱਖੀ ਨੂੰ ਸਰੀਰ ਮੰਨ ਲਿਆ ਜਾਵੇ ਤਾਂ ਅੰਮ੍ਰਿਤਸਰ ਉਸਦਾ ਦਿਲ ਹੈ। ਜਿਹੜਾ ਧਾਰਮਿਕ ਕੌਮੀ ਏਕਤਾ, ਜੀਵਨ ਨੂੰ ਪਰੇਰਨਾ ਦੇਣ ਵਾਲਾ ਤੀਰਥ, ਪ੍ਰੇਮ ਭਗਤੀ, ਸੇਵਾ ਕੁਰਬਾਨੀ, ਸ਼ਰੋਮਣੀ ਸ਼ਹੀਦਾਂ ਦਾ ਹਿੱਤ ਕੇਂਦਰ, ਇੰਡਸਟਰੀ ਵਪਾਰ, ਹੁਨਰ ਕਲਾ ਤੇ ਕੀਰਤ ਪ੍ਰਧਾਨ ਸ਼ਹਿਰ ਆਪਣੇ ਜ਼ਮਾਨੇ ਦਾ ਮਾਡਲ ਟਾਊਨ ਹੈ। ਜਿਸਦੇ ਸਿਰਜਨਹਾਰ ਸ੍ਰੀ ਗੁਰੂ ਰਾਮਦਾਸ ਜੀ ਹਨ।

ਦੁਨੀਆਂ ਦੇ ਕਿਸੇ ਭਾਗ ਵਿਚ ਬੈਠੇ ਸਿੱਖ ਰੋਜ਼ਾਨਾ ਅਰਦਾਸ ਕਰਦੇ ਹੋਣ ਉਹ ਕਹਿੰਦੇ ਹਨ :

'ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ

ਇਸਦੇ ਅੰਮ੍ਰਿਤ ਸਰੋਵਰ ਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਰੋਜ਼ਾਨਾ ਦੇਸਾਂ, ਪ੍ਰਦੇਸਾਂ ਦੇ ਯਾਤਰੀ ਚਲੇ ਆਉਂਦੇ ਹਨ।

ਅੰਮ੍ਰਿਤਸਰ ਦੇ ਸਿਰਜਨਹਾਰ ਗੁਰੂ ਰਾਮਦਾਸ ਜੀ ਵਿਚ ਪ੍ਰੇਮ ਭਗਤੀ, ਨਿਸ਼ਕਾਮ ਸੇਵਾ ਤੇ ਉਸਾਰੂ ਕੰਮ ਕਰਨ ਦੇ ਜੋ ਗੁਣ ਸਨ, ਉਨ੍ਹਾਂ ਦਾ ਪ੍ਰਤੀਕ ਪੰਜਾਬ ਦਾ ਇਹ ਇਤਿਹਾਸਕ ਨਗਰ ਹੈ।

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਕਤਕ ਦੀ 2 ਸੰਮਤ 1591 ਨੂੰ ਚੂੰਨੇ ਮੰਡੀ ਲਾਹੌਰ ਵਿਚ ਸ੍ਰੀ ਹਰਿਦਾਸ ਸੋਢੀ ਦੇ ਘਰ ਮਾਤਾ ਦਇਆ ਕੌਰ ਤੋਂ ਹੋਇਆ। ਮਾਤਾ ਪਿਤਾ ਨੇ ਆਪਦਾ ਨਾਮ ਜੇਠਾ ਰੱਖਿਆ। ਜੇਸ਼ਠ ਸੰਸਕ੍ਰਿਤ ਦਾ ਸ਼ਬਦ ਹੈ ਜਿਸਤੋਂ ਜੇਠਾ ਬਣਦਾ ਹੈ, ਇਸਦੇ ਅਰਥ ਹਨ — ਬੜਾ ਪੁਰਸ਼। ਨਾਮ ਰੱਖਣ ਵੇਲੇ ਮਾਤਾ ਨੂੰ ਇਹ ਇਲਮ ਨਹੀਂ ਸੀ ਕਿ ਕੋਈ ਮਹਾਨ ਪੁਰਸ਼ ਬਣੇਗਾ।

ਮਹਾਰਾਜਾ ਦੇ ਮਾਤਾ ਪਿਤਾ ਚੰਗੇ ਗ੍ਰਹਿਸਤੀ, ਪਰ ਧਨਵਾਨ ਨਹੀਂ ਸਨ, ਇਸ ਲਈ ਗੁਰੂ ਰਾਮਦਾਸ ਜੀ ਦਾ ਆਰੰਭਕ ਜੀਵਨ ਨਿਰਬਾਹ ਘੁੰਗਣੀਆਂ ਵੇਚਣ ਦੀ ਨਿੱਕੀ ਜਿਹੀ ਕਿਰਤ ਤੋਂ ਸ਼ੁਰੂ ਹੋਇਆ। ਆਪਣੇ ਜੀਵਨ ਨਿਰਬਾਹ ਤੇ ਮਾਤਾ ਪਿਤਾ ਦੀ ਸੇਵਾ ਲਈ ਲਾਹੌਰ ਵਿਚ ਘੁੰਗਣੀਆਂ ਵੇਚਣ ਦੀ ਕਿਰਤ ਕਰਦੇ ਸਨ। ਬਚਪਨ ਵਿਚ ਹੀ ਆਪਦੇ ਮਾਤਾ ਪਿਤਾ ਗੁਜ਼ਰ ਗਏ। ਨਾਨਕੇ ਪਿੰਡ ਬਾਸਰਕੇ ਆ ਗਏ। ਜਿਥੋਂ ਦੇ ਗੁਰੂ ਅਮਰਦਾਸ ਜੀ ਸਨ। ਉਹ ਗੋਇੰਦਵਾਲ ਵਿਚ ਨਿਵਾਸ ਕਰਦੇ ਸਨ, ਜਿੰਨ੍ਹਾਂ ਦੀ ਕ੍ਰਿਪਾ ਨਾਲ ਗੋਇੰਦਵਾਲ ਗੋਬਿੰਦਪੁਰੀ, ਭਗਤੀ ਸੇਵਾ ਤੇ ਸਿੱਖੀ ਦਾ ਇਕ ਮਹਾਨ ਕੇਂਦਰ ਬਣ ਗਿਆ ਸੀ। ਗੁਰੂ ਰਾਮਦਾਸ ਜੀ ਨੂੰ ਗੋਇੰਦਵਾਲ 'ਚ ਘੁੰਗਣੀਆਂ ਵੇਚਣ ਦੀ ਕਿਰਤ ਦੇ ਨਾਲ ਗੁਰੂ ਜੀ ਦੀ ਸੰਗਤ ਤੇ ਸੇਵਾ ਵੀ ਪ੍ਰਾਪਤ ਹੋਈ।

ਗੁਰੂ ਅਮਰਦਾਸ ਜੀ ਨੇ ਆਪਦੀ ਗੁਰੂ ਭਗਤੀ ਤੇ ਸੇਵਾ ਤੇ ਪ੍ਰਸੰਨ ਹੋ ਕੇ ਆਪਣੀ ਪੁਤਰੀ ਬੀਬੀ ਭਾਨੀ ਜੀ ਦੀ ਸ਼ਾਦੀ 22 ਫੱਗਣ 1610 ਨੂੰ ਜੇਠਾ ਜੀ ਨਾਲ ਕਰ ਦਿੱਤੀ। ਮਾਤਾ ਭਾਨੀ ਜੀ ਤੋਂ ਤਿੰਨ ਪੁੱਤਰ ਹੋਏ —

ਪ੍ਰਿਥੀ ਚੰਦ, ਮਹਾਂਦੇਵ ਤੇ ਗੁਰੂ ਅਰਜਨ ਦੇਵ ਜੀ।

ਜਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਦੀ ਪ੍ਰੇਮ ਭਗਤੀ ਅਤੁੱਟ ਸੇਵਾ ਤੇ ਮਹਾਨ ਆਤਮਿਕ ਗੁਣਾਂ ਨੂੰ ਮੁਖ ਰੱਖਕੇ ਉਨ੍ਹਾਂ ਨੂੰ ਗੁਰਗੱਦੀ ਦਿਤੀ, ਉਸ ਵਕਤ ਗੁਰੂ ਅੰਗਦ ਸਾਹਿਬ ਦੇ ਪੁਤਰਾਂ ਦਾਤੂ ਤੇ ਦਾਸੂ ਜੀ ਨੇ ਈਰਖਾ ਤੇ ਦਵੈਸ਼ ਕਰਕੇ ਬਿਖਾਧ ਕੀਤਾ ਸੀ। ਇਸ ਲਈ ਗੁਰੂ ਅਮਰਦਾਸ ਜੀ ਨੇ ਆਪਣੀ ਜਿੰਦਗੀ ਵਿਚ ਹੀ ਗੁਰੂ ਰਾਮਦਾਸ ਜੀ ਨੂੰ ਅੰਮ੍ਰਿਤਸਰ ਵਸਾਉਣ ਦੀ ਆਗਿਆ ਕੀਤੀ। ਜਿਸਨੂੰ ਮੰਨ ਕੇ ਗੁਰੂ ਰਾਮਦਾਸ ਜੀ ਨੇ ਸੰਮਤ 1627 ਬਿਕਰਮੀ ਵਿਚ ਬਾਬਾ ਬੁੱਢਾ ਜੀ ਤੇ ਹੋਰ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਪਿੰਡ ਗੁਮਟਾਲਾ, ਤੁੰਗ, ਸੁਲਤਾਨ ਵਿੰਡ ਤੇ ਗਿਲਵਾਲੀ ਦੀ ਜੂਹ ਵਿਚ ਸੰਮਤ 1627 ਵਿਚ ਨਗਰ ਦੀ ਮੋਹੜੀ ਗੱਡ ਕੇ ਇਸਦਾ ਨਾਮ ਗੁਰੂ ਦਾ ਚੱਕ ਰੱਖਿਆ।

ਇੰਮਪੀਰਅਲ ਸਜ਼ਟੀਅਰ ਅਨੁਸਾਰ ਅਕਬਰ ਬਾਦਸ਼ਾਹ ਨੇ ਇਸ ਦੀ ਪ੍ਰਵਾਨਗੀ ਦਿਤੀ। ਇਥੇ ਜੰਗਲ ਬੀਆਬਾਨ ਤੇ ਢਾਬਾਂ ਸਨ। ਗੁਰੂ ਰਾਮਦਾਸ ਜੀ ਨੇ ਜੰਗਲ ਵਿਚ ਮੰਗਲ ਲਾ ਦਿਤਾ। ਸਭ ਤੋਂ ਪਹਿਲੇ ਰਿਹਾਇਸ਼ ਲਈ ਜੋ ਮਕਾਨ ਬਣਾਏ, ਉਹ ਗੁਰੂ ਕੇ ਮਹਿਲ ਅਸਲ ਰੂਪ ਵਿਚ ਸ਼ਹਿਰ ਦੇ ਵਿਚਕਾਰ ਮੌਜੂਦ ਹਨ। ਗੁਰੂ ਜੀ ਨੇ ਪਹਿਲਾਂ ਸਰੋਵਰ ਸੰਤੋਖ ਸਰ ਤੇ ਫਿਰ ਅੰਮ੍ਰਿਤਸਰ ਬਣਾਇਆ। ਨਗਰ ਦਾ ਨਾਮ ਗੁਰੂ ਕਾ ਚੱਕ ਤੇ ਰਾਮਦਾਸ ਪੁਰ ਵੀ ਹੋਇਆ। ਅਖੀਰ ਅੰਮ੍ਰਿਤਸਰੋ ਦੇ ਨਾਮ ਪਰ ਅੰਮ੍ਰਿਤਸਰ ਹੀ ਪਰਚੱਲਤ ਹੋ ਗਿਆ।

ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਿਚ 52 ਕਿਸਮ ਦੀ ਕਿਰਤ ਕਰਨ ਵਾਲੇ ਸਨਤਕਾਰਾਂ, ਕਾਰੀਗਰਾਂ, ਵਪਾਰੀਆਂ ਤੇ ਹੁਨਰਮੰਦਾਂ ਨੂੰ ਪੰਜਾਬ ਦੇ ਪੁਰਾਣੇ ਕਸਬਿਆਂ ਕਲਾਨੌਰ, ਬਟਾਲਾ, ਪੱਟੀ ਤੇ ਕਸੂਰ ਆਦਿਕ ਤੋਂ ਸੱਦਕੇ ਅਬਾਦ ਕੀਤਾ। ਜਿਨ੍ਹਾਂ ਵਿਚ ਹਿੰਦੂ, ਮੁਸਲਮਾਨ, ਸਿਖ ਤੇ ਹਰੀਜਨ ਸਾਰੇ ਸ਼ਾਮਲ ਸਨ।

ਪੁਰਾਤਨ ਮੱਤਾਂ ਬੁੱਧ, ਜੈਨ, ਸੰਨਿਆਸ, ਤੇ ਜੋਗ 'ਚ ਤਪ ਤਿਆਗ ਦੀ ਪ੍ਰਧਾਨਤਾ ਤੇ ਸੰਸਾਰਕ ਜੀਵਨ ਤੇ ਉਪਰਾਮਤਾ ਸੀ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜੀਵਨ ਨੂੰ ਉਤਸ਼ਾਹ ਭਰਪੂਰ ਰਸਦਾਇਕ ਤੇ ਕਰਮਯੋਗੀ ਬਣਾਇਆ। ਗ੍ਰਿਹਸਤ ਦਾ ਹੀ ਨਿਰਬਾਣ ਪਦ ਨੂੰ ਪ੍ਰਾਪਤ ਕੀਤਾ। ਜੀਵਨ ਨੂੰ ਸਫਲ ਤੇ ਸੁਖਦਾਈ ਬਣਾਉਣ ਲਈ ਨਾਮ ਜਪਣਾ, ਵੰਡ ਛਕਣਾ, ਤੇ ਕਿਰਤ ਕਰਨਾ ਦੀ ਸਿਖਿਆ ਦਿੱਤੀ। ਉਸਨੂੰ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਿਚ ਮੁੱਖ ਰੱਖਿਆ। ਪ੍ਰੇਮ ਭਗਤੀ, ਸਤਿਸੰਗ ਅਤੇ ਸੇਵਾ ਦੇ ਨਾਲ ਕਿਰਤੀ ਜੀਵਨ ਦੀ ਮਹਾਨਤਾ ਦਰਸਾਈ ਹੈ। ਇਹ ਦੱਸਿਆ ਕਿ ਜਨਮ ਤੇ ਜਾਤੀ ਅਤੇ ਕਿਰਤ ਕਰਕੇ ਕੋਈ ਨੀਵਾਂ ਨਹੀਂ ਹੁੰਦਾ। ਇਹ ਗੁਰੂ ਰਾਮਦਾਸ ਜੀ ਦੀ ਕ੍ਰਿਪਾ ਹੈ ਕਿ ਪੰਜਾਬ ਦੀ ਰਾਜਧਾਨੀ ਲਾਹੌਰ ਲਾਗੇ ਹੁੰਦਿਆਂ ਅੰਮ੍ਰਿਤਸਰ ਇਕ ਮਹਾਨ ਤੀਰਥ, ਧਾਰਮਿਕ, ਸਨਅਤੀ ਤੇ ਵਪਾਰਕ ਸ਼ਹਿਰ ਬਣ ਗਿਆ।

ਗੁਰੂ ਅਮਰਦਾਸ ਜੀ ਅੰਮ੍ਰਿਤਸਰ ਆਏ। ਉਨ੍ਹਾਂ ਨੇ ਇੱਥੇ ਦਾ ਸਤਿਸੰਗ, ਭਜਨ ਕੀਰਤਨ, ਸੇਵਾ, ਨਗਰ ਦੀ ਤਰੱਕੀ ਤੇ ਖੁਸ਼ਹਾਲੀ ਨੂੰ ਵੇਖ ਕੇ ਫੁਰਮਾਇਆ

ਅੰਮ੍ਰਿਤਸਰ ਸਿਫਤੀ ਦਾ ਘਰ,
ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ :-
ਡਿੱਠੇ ਸਭੇ ਥਾਵ ਨਹੀਂ ਤੁਧੁ ਜੇਹਿਆ,
ਬੋਧਹੁ ਪੁਰਖਿ ਬਿਧਾਤੇ
ਤਾਂ ਤੂੰ ਸੋਹਿਆ
ਵਸਦੀ ਸਘਨ ਅਪਾਰ
ਅਨੂਪ ਰਾਮਦਾਸ ਪੁਰ,
ਹਰਿ ਹਾਂ ਨਾਮ ਕਸਮਲ ਜਾਹਿ
ਨਾਇਐ ਰਾਮਦਾਸ ਸਰ।

ਸ੍ਰੀ ਗੁਰੂ ਰਾਮਦਾਸ ਜੀ ਦੇ ਤੇ ਮਾਤਾ ਭਾਨੀ ਨੇ ਮਿਲਕੇ ਸੇਵਾ ਤੇ ਉਸਾਰੂ ਕੰਮ ਕੀਤੇ ਹਨ।

ਗੁਰੂ ਰਾਮਦਾਸ ਜੀ ਦੀ ਗੁਰਤਾ ਬਾਰੇ ਇਕ ਵਾਰਤਾ ਦਸਮ ਪਾਤਸ਼ਾਹ ਨੇ ਬਚਿਤ੍ਰ ਨਾਟਕ ਦੇ ਚੌਥੇ ਅਧਿਅਨ ਵਿਚ ਲਿਖੀ ਹੈ। ਉਹ ਇਹ ਕਿ ਗੁਰੂ ਨਾਨਕ ਦੇਵ ਜੀ ਦੀ ਬੇਦੀ ਬੰਸ ਤੇ ਸਾਡੀ ਸੋਢੀ ਬੰਸ ਦਾ ਪਿਛਾਰਘੁ ਬੰਸ ਨਾਲ ਮਿਲਦਾ ਹੈ। ਪੰਜਾਬ ਵਿਚ ਸ੍ਰੀ ਰਾਮ ਚੰਦ੍ਰ ਜੀ ਦੇ ਪੁੱਤਰ ਲਵ ਤੇ ਕੁਸ਼ ਰਾਜ ਕਰਦੇ ਸਨ। ਦੋਵੇਂ

ਆਖਰੀ ਪੰਨਾ 18 ਉਤੇ


Business Financial Planning





Taking Care of Your Family and Business





Recruiting and Retaining Key Employees





Affordable Retirement Packages for You and Your Employees

Find Out More About The Plan(s) That Interest You Call Your Financial Planner and Complete Brokerage Service:



Sudesh Kalia
Bus: (604) 685-9335
Res: (604) 254-5837

ASSURING BRIGHT FINANCIAL FUTURES

NORTH AMERICAN LIFE
#320 - 815 W. Hastings Street
VANCOUVER, B.C. V6C 2W1

# Hindu Communalism

In the PEPSU areas a different formula was in operation. Under PEPSU formula evolved in 1949, the state was notionally divided into Hindi and Punjabi speaking regions. Unlike the Sachhar formula, all people living in the Punjabi areas had to learn the language of the region and it became the medium of instruction — Punjabi in Gurmukhi script in the Punjabi speaking region and Hindi in the Hindi speaking region.

These two formulas continued to operate in their respective areas even after the reorganisation of Punjab in 1956 when PEPSU areas were merged with Punjab. In November 1957, they were incorporated into the regional scheme promulgated by the President's Punjab Regional Committee Order.

But this did not solve the language problem and the midfifties witnessed the demand for linguistic reorganisation of Punjab.

Ironically, when the Akali leaders were busy organising another agitation, Hindu communalists too became active. In 1957 (May 1957 to December 1957), the 'Save Hindi' agitation was launched by the Hindi Samiti under the general direction of the Sarvadeshik Arya Pratinidhi Sabha, New Delhi, for the modification of the language formula and the regional arrangement made in 1956-57. The Jana Sangh and the Arya Samaj were the two constituent organisations of the Hindi Samiti. over 10,000 persons courted arrest. It will not be incorrect to say that this agitation greatly contributed to the failure of the regional formula. As long as the 'Save Hindi' agitation continued, Akali leaders including Master Tara Singh supporterd the regional formula but as soon as the agitation tapered off the Akali leaders moved away from the theme of 'Save Regional Formula', arguing that 'Punjabi Suba alone can satisfy the Sikhs.' This shows that course of history in Punjan would have been perhaps different, if Hindu communalism had taken a secular stand on the Punjabi language.

Another important fact which needs mention is that it is after the 'Save Hindi' agitation that the Jana Sangh started emerging as an important political factor. In the 1962 general elections, it won eight seats, four in the Hindi region and four in the Punjabi region.

Till 1966, when Punjab was reorganised, the Jana Sangh and its allies spearheaded the movement against the Akali demand for Punjabi Suba. Despite the decision of the Jana Sangh to share power with the Akalis in Punjab after the 1967 elections and despite the continuation of this collaboration till events took an ugly turn in recent years, its unit in Haryana has been opposing the demand for merger of Chandigarh with Punjab. In vitiating the atmosphere in this region and fanning communal passions, Hindu communalism has played an important role. This in turn has eroded the common consciousness among the Punjabi speaking people. Obviously, the Jan Sangh and the RSS intentions were inscrutable.

The stepped-up campaign for Hinduism by the Jana Sangh and the RSS and now by their new platforms — the Hindi Vishva Parishad and Hindu Suraksha Samiti has brought the question of religious or religio-cultural identity into sharp focus again. The slogans painted in some of the cities of Punjab that "we are Hindus and we are proud of it" have exacerbated inter-religious tensions. What are the motives behind this aggressive assertion of religious identity and that too in a state like Punjab?

This question needs to be objectively assessed.

It is important to note that in the pre-partition (1947) Punjab, the Sikhs were only 13 per cent of the total population. In east Punjab (now Punjab), they formed about 30 per cent of the population. In the united Punjab, the Sikh population was so scatered that they were in minority in every district. After the partition, the Sikhs became a majority in the districts of Amritsar, Gurdaspur, Ferozepur, Jullundur, Hoshiarpur and Ludhiana. With the reorganisation of Punjab in 1967, the proportion of the Sikh population in Punjab further increased. According to the 1971 census, the Sikhs in Punjab numbered 81.59 lakh as against a Hindu population of 50.87 lakh. Thus the Sikhs became the majority community (something which the Akalis had desired) as a result of the reorganisation of Punjab generoulsy acceded to by the Congress. This led not only of further communalisation of Politics but also generated a new aspiration among the most communal elements among the Hindus for the creation of a "Maha-Punjab".

There is another aspect of Hindu communalism in Punjab and Haryana. After the partition of the country, a large number of the Sikhs were settled outside the present areas of Punjab, particularly in Ambala and Karnal districts. There has also been considerbale migration of the Sikhs from Punjab to other states. This is reflected in the census figures of other states. For example, the Sikh population increased during 1951-61 in Rajasthan from 1.48 lakh to 2.74 lakh and in U.P. from 1.97 lakh to nearly three lakh. This migration, particularly of the small land-owners and skilled and semi-skilled industrial workers had been going on over the years. Thus even before the reorganisation of Punjab in 1966, the percentage of the total Sikh population in the state had been steadily decreasing. This exodus of the Sikhs as well as inter-regional migration inside Punjab has been mainly due to economic factors. Nonetheless, this created certain problems for the Sikh fundamentalists. This culd be why the SGPC president Gurcharan Singh Tohra at one stage demanded a right to vote for 'permanent' residents of the state. He even tried to link it with property. This has given a new political handle to Hindu revivalists in Punjab.

Consequently, Hindus began thinking in terms of 'minority' in the sense that psychologically and emotionally they began regarding themselves as Hindus than Punjabis.

Thus the Punjabi speaking people had developed a peculiar psyche. The Sikhs, though a majority in the state are constantly fed with the fear of 'Hindu dominated India' and were made to believe that the Hindus would 'assimilate' them. The Punjabi Hindus on the other hand did not want any political dispensation which was dominated by the Sikhs because they thought that they would be reduced to the status of 'second class' citizens. Therefore, Hindu communalism as it is now shaping itself in Punjab has its own specifics. In a way a new type of communalism is being superimposed in traditional communalism. There are also certain socio-economic factors which intensify communal feelings.

It sounds ironical, on the face of it, that such a strong feeling of 'separate' identity should emerge in a state, whose prosperity has been, for quite some time, the envy of the rest of India and among a people whose self-confidence and optimism has been some kind of legend. Yet the reality cannot be ignored.

What is quite obvious is that the reorganisation of Punjab had very little to do with language, culture and common traditions. The slogan of linguistic reorganisation of Punjab instead of becoming a cementing force had only succeeded in dividing the Punjabi speaking people. As a result of this, both Sikh and Hindu communalism have become formidable forces and it is the secular forces — both of the Congress and the left — which have been conceding

Continued at Page 20


**A.M.C. Carpet Ltd.**

12983-80th. Ave., Surrey, B.C

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

Free Estimate —

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

Phone for appointment



AMARJIT SINGH CHAHAL

**Off. 594-6141**

**Res. 594-7595** **Pager 680-0214**


**'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ**

**SUBSCRIPTION FORM**

To

**The Canada Darpan**
**P.O.BOX 265**
**Surrey, B.C.**
**Canada, V3T 4W8**
**Ph. 581-4473**

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................
Address.......................................
City...........................................
Province......................................
Postal code...................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year ................ | 65 dollars |
| Life membership.......... | 300 dollars |
| ASIA........................ | 100 dollars[a year] |
| U.S.A. ..................... | 30 dollars [a year] |
| Europe .................... | 100 dollars[a year] |
| Africa ..................... | 100 dollars [a year] |

# Wail of A Stricken Sikh

## Our Inaction Is Immoral

By S.S. Gill

Wrapped in the pungent smoke of smouldering houses the grey drawn was hanging above us like a cures. We were talking in whispers and moving like thieves in our own home. Lala Ram Nath, our neighbour, appeared at the door and signalled that the truck was ready to leave.

It was not till we crossed the border that my thoughts went back to Lyallpur. Squeezed out by the shrinking size of family holdings, my forebears had gone there in search of fortune. With patient labour and perseverence they and thousands like them, turned those barren lands into lush green farms. Within a generation the entire region had become the granary of Punjab and the penniless settlers had risen to the stature of wealthy Sardars.

But the partition had undone all that. We were back in our ancestral village, down and out, with not an inch of land to our name. But there was no time for selfpity. To mope and moan was not in our nature. The indomitable Sikh spirit re-asserted itself. Punjabi enterprise soon turned the state into a beehive of industry. A dificit state in foodgrains at the start, within a generation at had become India's breadbasket.

And now, a generation later, Punjab is in the throes of another crisis — the worst in its disturbed history. Earlier crises came from outside. They could be blamed on others. Consequently, they were perceived as external challenges posed bu aggressors and tyrants. They were an assault on our territorial imperative and innate sense of justice. Naturally, they stirred the community to its depths and roused it to deeds of unparalleled courage and valour. But the present crisis is primarily of our own making. And it is deviod of any moral substance.

### Absurd Charge

Over the past few years some selfappointed "saviours" of the community have been telling us that the Sikhs were victims of serious discrimination. How absurd! Whether in civil services or armed forces, in business, trade or industry, in the country's social and cultural life, Sikh, representation has been far above the proportion ot their population.

When i pointed this out to the protagonist of the "discrimination thesis", he replied, "But we are the most enterprising community, and we have attained this status on sheer merit". That is all very fine, my brothers. But, then, where is the question of discrimination? Where else in the world a community comprising hardly 2 per cent of the population has attained a higher profile in the affairs of a nation?

As if this grievance was not ridiculous enough, now some perverted fanatics are demanding a "homeland" for the Sikhs. How preposterous! The tiny little state of Punjab as a homeland of the Sikhs? This is a community which finds the boundaries of a sub-continent like India too limiting and has spilled over to the farthest corners of the earth. To turn Punjab into Khalistan would be like shifting the whale of the open seas to the confines of a village pond. Even our worst enemies cannot disign a better device to fetter our boundless spirit. Every religion and ideology has risen to meet a historical challenge. The circumstances of their birth determine the nature of their message and its moral content. Sikhism was born in very turbullent times. The tyranny of certain bigotted Muslim rulers defined its mission. The martyrdoms of Guru Arjun Dev and Guru Tegh Bahadur are as deeply stamped on the Sikh psyche as the crucifixion of Jesus on the Christian-mind.

No religious community can drift away from the central message of its faith and still retain its moorings. Owing to the very circumstances of its birth, Sikhism is a religion in action: morality made manifest by deeds. And in its all embracing universality it recognises only one division, that is, between good and evil, between the victim and the tyrant, between the innocent and the guilty.

### Repugnant Thesis

Any division between Sikhs and non-Sikhs or Punjabis and non-Punjabis is repugnant to its genius.Nowhere in the Granth Sahib is there a mention of Punjab being the home-land of the Sikhs. What made Sikhs rise against the Muslim rulers and in defence of Hindus was not the religion of those rulers but their tyranny. They would have risen the same way in defence of Muslims in case the Hindus rulers had been the tyrants.

At times the Sikhs have been called a "martial race". Because of their historial traditions, a call to the arms does stir them deeply. The real motivation, however, is not the battle but the cause. Whether during our freedom struggle or after Independence, Sikhs have performed great feats of valour and won laurels for their bravery. But the causes they fought for had substantial moral content. It was always a fight against tyranny, aggression, or injustice, and in defence of freedom, honour and equity.

And what is happening in Punjab now? Dastardly acts of mindless violence against defenceless people, peacefully going about their daily business. Fanaticism has turned religious faith into stone. Deviod of moral content, the energy which produced heroes earlier is spawning villians and malefactors now. A community which had rolled back the onslaught of imperial armies, is acting helpless in the face of criminals, bigots and hirelings.

The people who resisted the tyrannies of kings, are yielding to the violence of knaves. Having repeatedly risen to defend the honour of their neighbours, Sikhs now appear helpless to save themselves from the impending doom. We used to mobilise Jathas to protest against every wrong and inequity; now nobody stirs to stem the tide of terrorism which is threatening to engulf Punjab.

### Collective Guilt

The paralysis of our moral sensibilities and political will is deplorable indeed. But much worse is the sense of collective guilt that overlays the community from its act of omission. Acquiescence is half the crime. Our inability to erect barricades against senseless violence of terrorists has tainted us with their sins. Our not sharing their values or aspirations is not enough. If Sikhism is morality in action, our inaction is, no doubt, immoral. Having always resisted evil from without, we are doubly bound to resist it from within.

The symptoms of our moral crisis are ther for all to see. A community once proud and prosperous and progressive, now walks with a slightly bent head. Generally the most boisterous and exuberant at social gatherings, now you find the Sikhs a quiet, subdued and inhibited lot.

Once bursting with optimism and self-confidence, a gnawing sense of insecurity stalks them now wherever they go. Their social space is slowly shrinking and a seige mentality is creeping upon them. Accustomed always to treating the entire world as their home, now the Sikhs are haunted by the spectre of Diaspora. "Saviours" of the Panth are talking of a home and for their Sikhs. Little do they relise that they are making the Sikhs feel like aliens in their own homes.

Conted. at page 21

continued from Page 19

ground to them. This is the empirical reality of Punjab today. It is also a graphic illustration of the havoc which dogmatic application of the principle of linguistic reorganisation has played in this state. May be Jawaharlal Nehru's incisive mind could foresee it and as long as he was alive, he was opposed to the reorganisation of Punjab, though he went out of his way to promote the Punjabi language.

FOR THE SOUTH ASIAN COMMUNITY

Sabrung شہر میں اپنی نوعیت کا واحد

SOUTHERN TELEVISION SHOW

GOOD NEWS FOR

THE SOUTH EAST ASIAN COMMUNITIES

LIVING IN BAY AREA

A new kind of television show on Cable Channel 25 can be seen on every Saturday at 6 p.m. regularly full of entertainment, excitement and music. Presents educational and informative program concerning our community's day to day life.

Producer and host: Irfan Ali

KEEP LISTENING TO SABRUNG RADIO & TELEVISION PROGRAM

TELEVISION (415) 928-1650

SATURDAYS 6:00 p.m.

CHANNEL 25 CABLE KUSF 90.3 FM

RADIO PROGRAM

SUNDAYS 10-12 NOON

KUSF 90.3 FM

# ਸਿਆਸੀ ਘਰੂਟ —
# ਘਰੂਟਾਂ ਵਾਲੇ ਦੀ ਕਲਮ ਤੋਂ

● ਰੁਪਏ ਬਟੋਰਨ ਵਾਲੇ ਗ੍ਰਿਫਤਾਰ
— ਡਾਲਰ ਬਟੋਰਨ ਵਾਲਿਆਂ ਦਾ ਕੀ ਬਣੇਗਾ ?

● ਵਿਦੇਸ਼ਾਂ ਵਿਚ ਖਾਲਿਸਤਾਨੀ ਦੂਤਾਵਾਸ
— ਪੰਜਾਬ ਵਿਚ ਮੰਡ ਵਿਚੋਂ ਸਫਾਈ ਹੋਣ ਪਿਛੋਂ ਹੁਣ ਵਿਦੇਸ਼ੀ ਅੱਡੇ ਹੀ ਰਹਿ ਗਏ ਲੱਗਦੇ ਹਨ !

● ਅਖੇ ਮੈਂ ਹਿੰਦੂਆਂ ਨੂੰ ਨਫਰਤ ਕਰਦਾ ਹਾਂ
— ਜਾਤਾਂ, ਨਸਲਾਂ ਤੇ ਰੰਗਾਂ ਦੇ ਆਧਾਰ ਤੇ ਨਫਰਤ ਕੇਵਲ ਜਨੂੰਨੀ ਹੀ ਕਰਦੇ ਹਨ !

● ਗੱਡੀ ਚੜ੍ਹਾ ਦਿਤਾ
— ਤੇਰੀ ਵਾਰੀ ਕਦੋਂ ਆਉਣੀ ਹੈ ?

● ਪਤਵੰਤੇ ਪੰਜਾਬੀ
— ਬਹੁਤੇ ਤਾਂ ਚਿਹਰਿਆਂ ਤੋਂ ਹੀ ਜ਼ਾਹਰ ਹਨ !

● ਜੇ ਕਿਤੇ ਪੈਸੇ ਜਮ੍ਹਾਂ ਕਰ ਸਕੇ .......
- ਤਾਂ ਸਵਿਟਜ਼ਰਲੈਂਡ ਅਕਾਊਂਟ 'ਚ ਰੱਖਾਂਗੇ ?

● ਦਲਾਲਾਂ ਹੱਥੋਂ ਰੁਲ ਰਹੇ ਨੌਜਵਾਨ
— ਬਰਤਾਨੀਆ ਦੇ ਕਾਂਗਰਸੀ ਦਫਤਰ ਦਾ ਗਸਾਲਾ ਕੱਢਣ ਵਾਲੇ ਦਲਾਲ ਏਹੀ ਧੰਦਾ ਕਰਦੇ ਹਨ !

● ਖਾਲਿਸਤਾਨੀ ਕੌਂਸਲ
- ਜੋ ਦਸ ਦਸ ਸਫੇ ਦੇ ਇਸ਼ਤਿਹਾਰਾਂ ਰਾਹੀਂ ਹੀ ਜਿੰਦਾ ਹੈ !

● ਇਕ ਹੋਰ ਕਾਲਾ ਕਾਨੂੰਨ
— ਖਤਮ ਨਹੀਂ ਕਰ ਸਕਿਆ ਖ਼ੂੰਨੀ ਜਨੂੰਨ !

● ਖਾਲਿਸਤਾਨ ਕਮਾਂਡੋਜ਼ ਦਾ ਇਕ ਹੋਰ ਜਨਰਲ ਗ੍ਰਿਫਤਾਰ
— ਜਨਰਲਾਂ ਦਾ ਹੀ ਫਿਕਰ ਰਹਿ ਗਿਆ, ਫੌਜਾਂ ਦਾ ਵੀ ਸੋਚੋ !

● ਦਿਲ ਕੰਬਾਊ ਹਕੀਕਤਾਂ
— ਜਿਨ੍ਹਾਂ ਦਾ ਸਾਹਮਣਾ ਕਰਨ ਤੋਂ ਹੀ ਤੁਸੀਂ ਤਰਹਿੰਦੇ ਹੋ !

● ਚਾਰ ਕਾਰ ਵਿਚ ਚਾਰ ਬੱਸ ਵਿਚ ਮਾਰੇ ਗਏ।
— ਤੁਹਾਨੂੰ ਹਾਅ ਦਾ ਨਾਅਰਾ ਮਾਰਦਿਆਂ ਵੀ ਸ਼ਰਮ ਆਉਂਦੀ ਹੈ !

● ਕਾਂਗਰਸੀ-ਅਤਿਵਾਦੀ ਸਬੰਧਾਂ ਬਾਰੇ ਜਾਂਚ
— ਬਚਿਓ ਕਿਤੇ ਨਾਲ ਹੀ ਨਾ ਮਾਂਜੇ ਜਾਇਓ !

● ਦਿੱਲੀ ਕਚਹਿਰੀਆਂ ਵਿਚ ਬੰਬ
— ਏਥੇ ਜਦੋਂ ਘਰਾਂ 'ਚ ਡਿਗਦੇ ਸੀ ਤਾਂ ਤਾੜੀਆਂ ਵਜਾਉਂਦੇ ਸੋ ? ਆਪਣੇ 'ਤੇ ਪਈ ਤੇ ਹੀ ਸੁਰਤ ਆਈ !

ਅਹੁ ਇਸ ਜਨਮ ਕਾਲ ਨੂੰ ਵੱਸ ਕਰ ਸਕਦੈ
ਮੇਰਾ ਹਾਣ ਖੜ੍ਹਾ ਹੈ
ਤੇ ਅਹਿ ਦਰਵੇਸ਼ ਖੜ੍ਹਾ ਹੈ
ਸੁੰਦਰਾਂ ਨੀ ਸੁੰਦਰਾਂ
ਮੁੰਦਰਾਂ ਦੀ ਵਾਰੀ ਕਿਉਂ ਨਹੀਂ ਆਉਂਦੀ
ਅਹਿ ਪ੍ਰਦੇਸ ਜਿਹਾ

Conted. from page 20

Sikhs are not the only community to have a lunatic fringe. The shadow of Bhindranwale is pinning its hopes on some Hindu fanatics who, in their zeal to settle scores, would start hitting out at innocent Sikhs living outside Punjab. This would inevitably lead to an exchange of populations and fulfil the dream of the High-priest of Terrorism.

Once earlier, I suffered acute pain while leaving Lyallpur, but I held back my tears out of pride. Once again my heart is wrenched by pain, but bow I would let the tears flow, as I am left with no pride.

And who knows, this time Lala Ram Nath may be scared to ofter me transport for my evacuation.

## ਸ਼ੁਭ ਵਿਆਹ



ਪ੍ਰਲਾਦ ਸਿੰਘ ਗਿੱਲ ਦੀ ਬੱਚੀ ਦਾ ਸ਼ੁਭ ਆਨੰਦ ਕਾਰਜ ਪਿਛਲੇ ਦਿਨੀਂ ਗੁਰੂ ਘਰ ਰਿਚਮੰਡ ਵਿਚ



ਕਾਮਰੇਡ ਲਛਮਣ ਸਿੰਘ ਦੀ ਬੱਚੀ ਦਾ ਸ਼ੁਭ ਵਿਆਹ ਪਿਛਲੇ ਦਿਨੀਂ ਐਬਟਸਫੋਰਡ ਵਿਚ ਹੋਇਆ


Chevron

**Fine Automotive Ltd.**
15220-56th. Ave., Surrey, B.C. V3S 4N7
**Automotive Repairs & Services**
ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy call

- ☐ Tune ups ☐ Brakes ☐ Shocks
- ☐ Lubrications ☐ Exhaust ☐ Gas
- ☐ Electrical Welding

**Sarjit Hunjan** Ph. 576-2014
**Jolly Sanjose** Service Manager





Main Street Clothing Manufacturer
**SAVE ON CLOTHING**
You've Never Seen Prices in B.C. Like This Before
**TWO LOCATIONS**

3293 Main St. (at 17th Ave.)
Vancouver, B.C. V5V 3M6
Ph. 872-3121

9377 - 120th St.
Scott Rd. & 93rd Ave.)
DELTA, B.C. V4C 6R9

*This coupon is worth:*
$2.00 OFF
on the purchase of any dress over $10.00

# Investment By Non-Residents of Indian Origin

The Government of India have identified certain items which are open for investment by Non-resident Indians as well as companies and other corporate bodies owned to the extent of at least 60% by the Non-residents of Indian origin, upto 74% with full repatriation benefits of capital investment and income earned thereon. The Government have recently revised this list and have identified the following more items for investment under this Scheme in the area of "Electronic Equipments and Components including Subscribers' and Telecommunication Equipment" under the Department of Electronics &—

1. Electronic Components
2. Materials for Electronics
3. Computer Peripherals
4. Data Communication Equipment (Subscribers end only)
5. Test and Measuring Instruments
6. Laser Equipments
7. Opto Electronics
8. Control Instrumentation.

The Non-resident Indians interested in investing under this Scheme may please contact the India Investment Centre, New York at its following address

Mr. S.V.S. Sharma
Resident Director, Indian Investment Centre
445 Park Ave. — New York, NY. 10022 (U.S.A.)
Cabel : "NYINCENTRE"
Telex ; 220557 IICNY UR
Phone : (212) 753-3600

## ਮੈਟਰੀਮੋਨੀਅਲ

ਇਕ ਖੱਤਰੀ ਸਿੱਖ ਕਲੀਨ ਸ਼ੇਵ, ਖੂਬਸੂਰਤ ਲੜਕਾ M.A. ਕੱਦ 5 ਫੁੱਟ ਸਾਢੇ ਸੱਤ ਇੰਚ, ਉਮਰ 29 ਸਾਲ, ਮੈਡੀਕਲ ਟੈਕਨੀਸ਼ਨ ਡਿਪਲੋਮਾ ਹੋਲਡਰ, ਅਰਧ ਸਰਕਾਰੀ ਹਸਪਤਾਲ ਵਿਚ ਪੰਜ ਸਾਲਾਂ ਤੋਂ ਕੰਮ ਕਰ ਰਿਹਾ ਹੈ। ਅੱਜ ਕੱਲ੍ਹ ਕੈਨੇਡਾ ਵਿਚ ਦੋ ਮਹੀਨੇ ਲਈ ਆਇਆ ਹੋਇਆ ਹੈ। ਉਸ ਲਈ ਕੈਨੇਡਾ ਜਾਂ ਅਮਰੀਕਾ ਦੀ ਸਿਟੀਜ਼ਨ ਜਾਂ ਇਮੀਗਰੈਂਟ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਲੜਕੇ ਦੇ ਦੋ ਭਰਾਵਾਂ ਦਾ ਕੈਨੇਡਾ ਵਿਚ ਚੰਗਾ ਕਾਰੋਬਾਰ ਹੈ ਅਤੇ ਭਾਰਤ ਵਿਚ ਚੰਡੀਗੜ੍ਹ ਦੇ ਨੇੜੇ ਚੰਗੀ ਜ਼ਮੀਨ ਅਤੇ ਜਾਇਦਾਦ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੋਰ ਵੇਰਵੇ ਲਈ ਫੋਨ ਕਰੋ :—

G. P. Wadhawan
Res. (604) 859-3905 or
Off. 859-5950

## ਸਮੇਂ ਦੀ ਆਵਾਜ਼ ਰੇਡੀਓ ਪ੍ਰੋਗਰਾਮ

ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਮਿਊਨਿਟੀ ਰੇਡੀਓ ਪ੍ਰੋਗਰਾਮ ਸਮੇਂ ਦੀ ਆਵਾਜ਼ ਸਤੰਬਰ 6 ਤੋਂ ਹਰ ਸ਼ੁਕਰਵਾਰ, ਇਕ ਘੰਟੇ ਲਈ ਤਿੰਨ ਵਜੇ ਤੋਂ ਚਾਰ ਵਜੇ ਤੱਕ ਆਇਆ ਕਰੇਗਾ। ਇਸ ਪਰੋਗਰਾਮ ਨੂੰ ਆਪ ਵੈਨਕੂਵਰ ਕੁਆਪਰੇਟਿਵ ਰੇਡੀਓ, 102.7 FM ਤੇ ਬਾਹਰਲੇ ਸ਼ਹਿਰਾਂ ਵਿਚ ਕੇਬਲ 104.9 ਤੇ ਸੁਣ ਸਕਦੇ ਹੋ।

## ਪਿਕਸ ਸੁਸਾਇਟੀ ਵਲੋਂ ਧੰਨਵਾਦ

ਗੁਰਪ੍ਰਤਾਪ ਰੰਧਾਵਾ ਦੇ ਬੱਚੇ ਦੀ ਜਨਮ ਦੀ ਖੁਸ਼ੀ ਵਿਚ ਪਾਰਟੀ ਤੇ ਭੰਗੜੇ ਪਾਉਂਦੇ ਗਭਰੂਆਂ ਨੂੰ 76 ਡਾਲਰ ਇਕੱਠੇ ਹੋਏ ਸਨ। ਇਨ੍ਹਾਂ ਸਾਰੇ ਪੈਸੇ ਪਿਕਸ ਸੁਸਾਇਟੀ ਨੂੰ ਦਾਨ ਕਰ ਦਿਤੇ ਤਾਂਕਿ ਸੁਸਾਇਟੀ ਆਪਦੇ ਬਰੋਸ਼ਰ ਪੰਜਾਬੀ ਵਿਚ ਉਲੱਥਾ ਕਰਕੇ ਛਪਾ ਸਕੇ। ਅਸੀਂ ਇਨ੍ਹਾਂ ਦੀ ਖੁਲਦਿਲੀ ਦਾ ਅਤੀ ਧੰਨਵਾਦ ਕਰਦੇ ਹਾਂ। ਤੇ ਇਨ੍ਹਾਂ ਦੇ ਲੜਕੇ ਦੀ ਚੰਗੀ ਸਿਹਤ ਤੇ ਲੰਬੀ ਉਮਰ ਲਈ ਦੁਆ ਕਰਦੇ ਹਾਂ।

ਚਰਨਪਾਲ ਗਿੱਲ - ਪਰਧਾਨ

**ਕੈਨੇਡਾ ਦਰਪਣ ਦੇ ਪਾਠਕਾਂ ਅਤੇ ਵਪਾਰੀ ਵੀਰਾਂ ਲਈ**

'ਕੈਨੇਡਾ ਦਰਪਣ' ਦੇ ਦਫ਼ਤਰ ਦਾ ਸਮਾਂ :
ਸੋਮਵਾਰ ਤੋਂ ਸ਼ੁਕਰਵਾਰ — 10 ਵਜੇ ਤੋਂ 5 ਵਜੇ ਸ਼ਾਮ

**ਫੋਨ : 581-4473**

## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਪ੍ਰਵਾਰ ਦੇ ਲੜਕੇ ਲਈ ਇਕ ਖੂਬਸੂਰਤ ਲੜਕੀ ਦੀ ਲੋੜ ਹੈ। ਲੜਕੇ ਦੀ ਉਮਰ 21 ਸਾਲ, ਕੱਦ ਪੰਜ ਫੁੱਟ ਦਸ ਇੰਚ ਹੈ। ਸਟੇਟ ਯੂਨੀਵਰਸਿਟੀ ਵਿਚ ਅਕਾਊਂਟਿੰਗ ਦਾ ਕੋਰਸ ਕਰ ਰਿਹਾ ਹੈ। ਅਮਰੀਕਾ ਵਿਚ ਪੱਕੇ ਤੌਰ ਤੇ ਰਹਿ ਰਿਹਾ ਹੈ। ਖਤ ਪੱਤਰ ਇਸ ਪਤੇ ਤੇ ਕਰੋ :—

Mr. S. Singh
P.O.BOX 1292
Marysville, CAL. 95901
U.S.A

## ਮੈਟਰੀਮੋਨੀਅਲ

ਇਕ 24 ਸਾਲ ਦੇ ਜੱਟ ਸਿੱਖ ਲੜਕੇ ਲਈ ਖੂਬਸੂਰਤ ਲੜਕੀ ਦੀ ਲੋੜ ਹੈ। ਲੜਕੇ ਕੋਲ ਆਪਣਾ ਨਵਾਂ ਘਰ ਹੈ ਤੇ ਸਰਕਾਰੀ ਪੱਕੀ ਨੌਕਰੀ ਤੇ ਲੱਗਾ ਹੋਇਆ ਹੈ। ਕੈਨੇਡਾ ਦਾ ਗਰੈਜੂਏਟ ਹੈ ਤੇ ਸਿਟੀਜ਼ਨ ਹੈ। ਕੈਨੇਡਾ ਵਿਚ ਪੜ੍ਹੀ ਲਿਖੀ ਲੜਕੀ ਨੂੰ ਤਰਜੀਹ ਦਿੱਤੀ ਜਾਵੇਗੀ ਪਰ ਇੰਡੀਆ ਤੋਂ ਵੀ ਲੜਕੀ ਮੰਗਵਾਈ ਜਾ ਸਕਦੀ ਹੈ। ਸਾਰਾ ਪ੍ਰਵਾਰ ਕੈਨੇਡਾ ਵਿਚ ਪੂਰੀ ਤਰ੍ਹਾਂ ਸੈਟ ਹੈ। ਲੜਕੀ ਦੀ ਫ਼ੋਟੋ ਤੇ ਹੋਰ ਜਾਣਕਾਰੀ ਇਸ ਪਤੇ ਉਤੇ ਭੇਜੋ :

M.S.N. (103)
C/o The Canada Darpan
P.O.BOX 265
Surrey, B.C. V3T 4W8

ਚੁੱਪ ਹੈ ਜੰਗਲ ਜਿਹੀ ਗੁਲਸ਼ਨ 'ਚ ਅੱਜ ਕੱਲ੍ਹ।
ਪੰਛੀਆਂ ਤੇ ਖੌਫ ਤਾਰੀ ਹੋ ਗਿਆ ਹੈ॥

ਖੂੰਨ ਥੀਂ ਲਥ ਪਥ ਹੈ ਚੱਪਾ ਚੱਪਾ ਧਰਤੀ।
ਬੰਦਾ ਬੰਦੇ ਦਾ ਸ਼ਿਕਾਰੀ ਹੋ ਗਿਆ ਹੈ॥

ਹੁਸਨ ਦਾ ਹਰ ਨਕਸ਼ ਜ਼ਖਮੀ ਹੋ ਗਿਆ ਹੈ।
ਆਸ਼ਕਾਂ ਦਾ ਇਸ਼ਕ ਦਾਗੀ ਹੋ ਗਿਆ ਹੈ॥

ਸਾੜ ਦਿੱਤੀਆਂ ਹਨ ਬਹਾਰਾਂ ਮਾਲੀਆਂ ਨੇ।
ਮਾਲੀਆਂ ਦਾ ਫਰਜ਼ ਸ਼ੱਕੀ ਹੋ ਗਿਆ ਹੈ॥


# EDUCATION PLAN



I'm an Investors professional financial planner. It's my job to help you create and follow a personal financial plan.
I can help with :

- Investment Funds
- Guaranteed Investment Certificates
- Registeres Retirement Savings Plans
- Estate Planning
- Life and Disability Insurance
- Annuities

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ!

ਇਨਵੈਸਟਮੈਂਟ ਫੰਡਜ਼
ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
ਇਸਟੇਟ ਪਲੈਨਿੰਗ
ਜੀਵਨ ਬੀਮਾ ਤੇ ਦੁਰਘਟਨਾ ਬੀਮਾ
ਐਨੀਉਟੀਜ਼

**Hardial Sidhu (Dale)**

**Off: 682-5431**

**Res: 591-2697**

ਹੋਰ ਜਾਣਕਾਰੀ ਲਈ
ਹਰਦਿਆਲ ਸਿੱਧੂ (ਡੇਅਲ) ਨੂੰ
ਫੋਨ ਕਰੋ




**Investors Syndicate Limited**
A MEMBER COMPANY OF THE INVESTORS GROUP
Main Fl., 789 W. Pender Street / Vancouver, B.C. V6C 1H2
Bus. 682-5431 Res. 591-2697

## ਸਰੀ ਵਿਚ ਤੁਹਾਡੀ ਕਮਿਊਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ

ਗਿੱਲ-ਫੋਰਡ-ਫਰਨੀਚਰ




ਧੂਆਂ ਕੱਢ ਸੇਲ ਵਿਚ
ਬੀ. ਸੀ. ਦੇ ਕੋਨੇ ਕੋਨੇ ਤੋਂ
ਚੱਲ ਕੇ ਆਓ!

## ਲਓ ਜੀ! ਸ਼ੁਰੂ ਹੋ ਗਈ ਗਿਲਫੋਰਡ ਫਰਨੀਚਰ ਦੀ ਨਵੀਂ

# ਧੂੰਆਂ ਕੱਢ ਸੇਲ!

**ਜੋ ਕਿ ਸਤੰਬਰ ਦੇ ਅਖੀਰ ਤੱਕ ਚੱਲੇਗੀ, ਜਿਸ ਵਿਚ ਹਰ ਇਕ ਤਰ੍ਹਾਂ ਦੇ ਫਰਨੀਚਰ ਦੀਆਂ ਕੀਮਤਾਂ ਵਾਲਾ ਧੂੰਆਂ ਕੱਢ ਕੇ ਬੀ. ਸੀ. ਦੇ ਕੋਨੇ ਕੋਨੇ ਵਿਚ ਡਲਿਵਰ ਕਰ ਦਿਤਾ ਜਾਵੇਗਾ**




**ਧੂੰਆਂ ਕੱਢ ਸੇਲ ਵਿਚ ਸਿਲੀ ਦੇ ਮੈਟਰੈਸਾਂ ਦੀਆਂ ਗੱਡੀਆਂ ਲੱਦ ਕੇ ਪਹੁੰਚ ਗਈਆਂ ਹਨ - ਹਰ ਇਕ ਤਰ੍ਹਾਂ ਦੇ ਫਰਨੀਚਰ ਦੇ ਨਾਲ ਨਾਲ ਸਿਲੀ ਦੇ ਮੈਟਰੈਸਾਂ ਦੀਆਂ ਕੀਮਤਾਂ ਵਾਲਾ ਧੂੰਆਂ ਕੱਢ ਦਿਤਾ ਜਾਵੇਗਾ।**

Just Say
CHARGE IT
On My
GILLFORD
FURNITUREMART
Credit Card
Apply For Yours
Today!

"Better Quality Furnishings at Discount Prices"

FINANCING AVAILABLE
O.A.C.

# GILL-FORD FURNITUREMART

13442-108th Avenue,
Surrey

HOURS: Mon.-Fri. 10-9; Sat. 10-6
Sunday & Holidays 10-6

**588-4461**